18

# ਹਮੇਸ਼ਾ ਦਾ ਇਨਾਮ ਅਤੇ ਸਜ਼ਾ

ਸਾਡੀ ਸਮਝ ਵਿਚ ਆਉਣ ਵਾਲੀਆਂ ਸਭ ਤੋਂ ਔਖੀਆਂ ਧਾਰਣਾਵਾਂ ਵਿੱਚੋਂ ਇਕ ''ਅਨੰਤਕਾਲ,'' ਯਾਨੀ ਕਦੇ ਨਾ ਖ਼ਤਮ ਹੋਣ ਵਾਲੀ ਹੋਂਦ ਹੈ। ਸਾਡੇ ਇਸ ਭੌਤਿਕ ਸੰਸਾਰ ਵਿਚ, ਸਭ ਕੁਝ ਜਿਸ ਨੂੰ ਅਸੀਂ ਵੇਖ ਅਤੇ ਛੂਹ ਸਕਦੇ ਹਾਂ, ਉਸ ਦੀ ਸ਼ੁਰੂਆਤ ਹੋਈ ਅਤੇ ਉਹਦਾ ਇਕ ਅੰਤ ਹੋਵੇਗਾ; ਇਸ ਲਈ ਅਨੰਤਕਾਲ ਦੀ ਗੱਲ ਨੂੰ ਸਮਝਣਾ ਬੜੀ ਵੱਡੀ ਗੱਲ ਹੋ ਸਕਦੀ ਹੈ। ਅਨੰਤਕਾਲ ਸਾਡੀ ਸੋਚ ਤੋਂ ਪਰ੍ਹੇ ਹੈ, ਇਸ ਲਈ ਇਸ ਨੂੰ ਸਮਝਣਾ ਸਾਡੀ ਸਮਝ ਲਈ ਨਾਮੁਮਕਿਨ ਹੈ।

ਅਸੀਂ ਪ੍ਰਮੇਸ਼ਵਰ ਵੱਲੋਂ ਸਾਨੂੰ ਅਚੰਭਿਆਂ ਨਾਲ ਭਰੇ ਅਸਮਾਨ ਦੇ ਦੇਣ ਦੀ ਗੱਲ ਅਸਾਨੀ ਨਾਲ ਮੰਨ ਸਕਦੇ ਹਾਂ, ਭਾਵੇਂ ਮੰਨਦੇ ਹਾਂ ਕਿ ਜੋ ਕੁਝ ਅਸੀਂ ਇਸ ਛੋਟੀ ਜਿਹੀ ਜ਼ਿੰਦਗੀ ਵਿਚ ਕੀਤਾ, ਉਸ ਨਾਲ ਅਨੰਤਕਾਲ ਤਕ ਉੱਥੇ ਰਹਿਣ ਦਾ ਹੱਕ ਨਹੀਂ ਪਾਇਆ ਜਾ ਸਕਦਾ ਹੋਵੇਗਾ। ਨਾਲ ਹੀ, ਇਹ ਸੋਚਦਿਆਂ ਕਿ ਜੋ ਕੁਝ ਅਸੀਂ ਇਸ ਛੋਟੀ ਜਿਹੀ ਜ਼ਿੰਦਗੀ ਵਿਚ ਕੀਤਾ, ਉਹ ਕਦੇ ਨਾ ਖ਼ਤਮ ਹੋਣ ਵਾਲੀ ਉਸ ਸਜ਼ਾ ਨੂੰ ਪਾਉਣ ਦੇ ਯੋਗ ਠਹਿਰਾਉਣ ਲਈ ਮਾੜਾ ਨਹੀਂ ਹੈ, ਅਸੀਂ ਨਰਕ ਦੇ ਖ਼ੌਫ਼ ਤੇ ਧਿਆਨ ਕਰ ਸਕਦੇ ਹਾਂ। ਹੋ ਸਕਦਾ ਹੈ ਕਿ ਅਸੀਂ ਸੋਚੀਏ ਕਿ ਧਰਮੀ ਲੋਕ ਪ੍ਰਮੇਸ਼ਵਰ ਦੀ ਕਿਰਪਾ ਅਤੇ ਰਹਿਮ ਦੇ ਉਨ੍ਹਾਂ ਕੁਧਰਮੀਆਂ ਨਾਲੋਂ ਵੱਧ ਅਧਿਕਾਰੀ ਹਨ ਜਿਨ੍ਹਾਂ ਨੂੰ ਪ੍ਰਮੇਸ਼ਵਰ ਕੋਲੋਂ ਬਦਲਾ ਮਿਲਣਾ ਚਾਹੀਦਾ ਹੈ।

ਕੁਝ ਲੋਕ ਇਹ ਸੋਚ ਕੇ ਗਲਤੀ ਕਰਦੇ ਹਨ ਕਿ ਹਮੇਸ਼ਾ ਦੀ ਸਜ਼ਾ ਨੂੰ ਪ੍ਰਮੇਸ਼ਵਰ ਦੇ ਪ੍ਰੇਮ, ਦਇਆ ਅਤੇ ਕਿਰਪਾ ਨਾਲ ਨਹੀਂ ਮਿਲਾਇਆ ਜਾ ਸਕਦਾ। ਇਸ ਲਈ ਉਹ ਆਪਣੇ ਢੰਗ ਨਾਲ ਬਾਈਬਲ ਦੀ ਵਿਆਖਿਆ ਕਰਨਾ ਚਾਹੁੰਦੇ ਹਨ ਤਾਂ ਜੋ ਉਹ ਉਸ ਪ੍ਰਮੇਸ਼ਵਰ ਵਰਗੇ ਹੋ ਜਾਣ ਜੋ ਸਿਰਫ਼ ਪ੍ਰੇਮ ਕਰਨ ਵਾਲਾ, ਦਿਆਲੂ ਅਤੇ ਧੀਰਜ ਕਰਨ ਵਾਲਾ ਹੈ (1 ਤਿਮੋਥਿਉਸ 1:2; 1 ਯੂਹੰਨਾ 4:8)। ਉਹ ਪ੍ਰਮੇਸ਼ਵਰ ਦੇ ਦੂਜੇ ਰੂਪ ਨੂੰ ਅਣਗੌਲਿਆ ਕਰ ਦਿੰਦੇ ਹਨ ਕਿ ਉਹ ਕ੍ਰੋਧ ਕਰਨ ਵਾਲਾ ਅਤੇ ਬਦਲਾ ਲੈਣ ਵਾਲਾ ਪ੍ਰਮੇਸ਼ਵਰ ਵੀ ਹੈ।[1] ਉਹ ਕੁਧਰਮ ਨਾਲ ਨਫ਼ਰਤ ਕਰਦਾ (ਇਬਰਾਨੀਆਂ 1:9), ''ਕਰੜਾਈ'' ਵਿਖਾਉਂਦਾ (ਰੋਮੀਆਂ 11:22) ਅਤੇ ''ਭਸਮ ਕਰਨ ਵਾਲੀ ਅੱਗ'' ਹੈ (ਇਬਰਾਨੀਆਂ 12:29)। ਅਸੀਂ ਪੜ੍ਹਦੇ ਹਾਂ, ''ਪ੍ਰਮੇਸ਼ਵਰ ਦੀ ਦਿਆਲਗੀ ਅਤੇ ਕਰੜਾਈ ਵੇਖ। ਕਰੜਾਈ ਉਨ੍ਹਾਂ ਉੱਤੇ ਜਿਹੜੇ ਡਿੱਗ ਪਏ ਹਨ ਪਰ ਪ੍ਰਮੇਸ਼ਵਰ ਦੀ ਦਿਆਲਗੀ ਤੇਰੇ ਉੱਤੇ ਜੇ ਤੂੰ ਉਹ ਦੀ ਦਿਆਲਗੀ ਵਿਚ ਟਿਕਿਆ ਰਹੇਂ। ਨਹੀਂ ਤਾਂ ਤੂੰ ਭੀ ਵੱਢਿਆ ਜਾਵੇਂਗਾ'' (ਰੋਮੀਆਂ 11:22)। ਇਬਰਾਨੀਆਂ 10:31 ਕਹਿੰਦਾ ਹੈ, ''ਜੀਉਂਦੇ ਪ੍ਰਮੇਸ਼ਵਰ ਦੇ ਹੱਥ ਵਿਚ ਪੈਣਾ ਭਿਆਨਕ ਗੱਲ ਹੈ।''

ਨਵੇਂ ਨੇਮ ਵਿਚ ਪ੍ਰਮੇਸ਼ਵਰ ਦੀ ਦਿਆਲਤਾ ਨੂੰ ਪਤਰਸ (ਲੂਕਾ 22:31, 32), ਪੌਲੁਸ (1 ਤਿਮੋਥਿਉਸ 1:15, 16) ਅਤੇ ਹੋਰਨਾਂ ਨਾਲ ਉਹਦੇ ਵਿਹਾਰ ਵਿਚ ਵਿਖਾਇਆ ਗਿਆ ਹੈ। ਉਹਦਾ ਕ੍ਰੋਧ ਹਨਨੀਆ ਅਤੇ ਸਫ਼ੀਰਾ (ਰਸੂਲਾਂ ਦੇ ਕੰਮ 5:1-10) ਅਤੇ ਹੈਰੋਦੇਸ (ਰਸੂਲਾਂ ਦੇ ਕੰਮ 12:20-23) ਦੀ ਮੌਤ ਵਿਚ ਵੇਖਿਆ ਜਾ ਸਕਦਾ ਹੈ। ਪ੍ਰਮੇਸ਼ਵਰ ਨੇ ਇਨ੍ਹਾਂ ਲੋਕਾਂ ਦੀ ਗਲਤੀ ਕਾਰਣ ਹੀ ਇਨ੍ਹਾਂ ਨੂੰ ਮਾਰਿਆ।

ਹੁਕਮ ਨਾ ਮੰਨਣ ਵਾਲਿਆਂ ਨਾਲ ਪ੍ਰਮੇਸ਼ਵਰ ਦੇ ਵਿਹਾਰ ਤੋਂ ਪਤਾ ਲਗਦਾ ਹੈ ਕਿ ਉਹ ਭਿਆਨਕ ਸਜ਼ਾ ਦੇਣ ਵਿਚ ਸਮਰੱਥ ਹੈ। ਜੋ ਲੋਕ ਪ੍ਰਮੇਸ਼ਵਰ ਨੂੰ ਸਿਰਫ਼ ਪ੍ਰੇਮ ਕਰਨ ਵਾਲੇ ਪ੍ਰਮੇਸ਼ਵਰ ਦੇ ਰੂਪ ਵਿਚ ਵੇਖਦੇ ਹਨ, ਉਹ ਪਾਪ ਨਾਲ ਉਹਦੀ ਗਹਿਰੀ ਨਰਾਜ਼ਗੀ ਅਤੇ ਉਹਦੀ ਇੱਛਾ ਦੇ ਅੱਗੇ ਨਾ ਝੁਕਣ ਵਾਲਿਆਂ ਲਈ ਉਹਦੀ ਸਜ਼ਾ ਨੂੰ ਅਣਗੌਲਿਆਂ ਕਰਦੇ ਹਨ।

## ਸਜ਼ਾ ਦੀ ਇਕ ਪੂਰਵ ਝਾਤ

ਸਾਡੀ ਖ਼ਾਹਿਸ ਹੁੰਦੀ ਹੈ ਕਿ ਇਸ ਜ਼ਿੰਦਗੀ ਦੀਆਂ ਖੁਸ਼ੀਆਂ ਕਦੇ ਨਾ ਮੁੱਕਣ ਅਤੇ ਤਕਲੀਫ਼ ਝੱਟ ਮੁੱਕ ਜਾਵੇ। ਜੋ ਕੁਝ ਮਨ ਨੂੰ ਭਾਉਂਦਾ ਅਤੇ ਅਨੰਦ ਦੇਣ ਵਾਲਾ ਹੈ, ਉਹ ਸਜ਼ਾ ਨਹੀਂ ਹੈ। ਕੁਧਰਮ ਦਾ ਬਦਲਾ ਇਸੇ ਤਰ੍ਹਾਂ ਹੋ ਸਕਦਾ ਹੈ ਕਿ ਜਿਹੜੀਆਂ ਗੱਲਾਂ ਸਾਨੂੰ ਨਾਪਸੰਦ ਹੋਣ, ਉਹ ਸਾਨੂੰ ਸਹਿਣੀਆਂ ਪੈਣ। ਜੇ ਪ੍ਰਮੇਸ਼ਵਰ ਉਹੀ ਕਰੇਗਾ ਜੋ ਉਹ ਕਹਿੰਦਾ ਹੈ ਤਾਂ ਇਹ ਬੜਾ ਦਰਦ ਭਰਿਆ ਲਗਦਾ ਹੈ, ਇਹੀ ਉਮੀਦ ਹੋਣੀ ਚਾਹੀਦੀ ਹੈ। ਪ੍ਰਮੇਸ਼ਵਰ ਪਾਪੀ ਨੂੰ ਸਜ਼ਾ ਹੋਰ ਕਿਵੇਂ ਦੇ ਸਕਦਾ ਹੈ?

### ਸਜ਼ਾ ਕਿਹੋ ਜਿਹੀ ਹੋਵੇਗੀ?

ਜਿਵੇਂ ਕਿ ਅਸੀਂ ਪਹਿਲਾਂ ਹੀ ਨਿਚੋੜ ਕੱਢ ਚੁੱਕੇ ਹਾਂ, ਬਾਈਬਲ ਦੱਸਦੀ ਹੈ ਕਿ ਸਮੇਂ ਦੇ ਅੰਤ ਵਿਚ ਦੁਸ਼ਟਾਂ ਨੂੰ ਮਿਲਣ ਵਾਲੀ ਸਜ਼ਾ ਕਦੇ ਨਾ ਖਤਮ ਹੋਣ ਵਾਲੀ ਹੋਵੇਗੀ। ਅਸੀਂ ਕਲਪਨਾ ਵੀ ਨਹੀਂ ਕਰ ਸਕਦੇ ਕਿ ਉਹ ‘‘ਹਮੇਸ਼ਾ ਦੀ ਸਜ਼ਾ’’ ਕਿਹੋ ਜਿਹੀ ਹੋਵੇਗੀ (ਮੱਤੀ 25:46)।

*ਖਾਤਮਾ?* ਕੁਝ ਲੋਕ ਇਹ ਸਿਖਾਉਂਦੇ ਹਨ ਕਿ ਕਿਸੇ ਨੂੰ ਵੀ ਹਮੇਸ਼ਾ ਲਈ ਸਜ਼ਾ ਨਹੀਂ ਮਿਲੇਗੀ। ਉਨ੍ਹਾਂ ਦਾ ਮੰਨਣਾ ਹੈ ਕਿ ‘‘ਅਨੰਤਕਾਲ ਦੀ ਸਜ਼ਾ’’ ਤੋਂ ਭਾਵ ਹੈ ਕਿ ਹੁਕਮ ਨਾ ਮੰਨਣ ਵਾਲਿਆਂ ਦਾ ਖਾਤਮਾ ਅਤੇ ਵਜੂਦ ਖਤਮ ਹੋ ਜਾਣਾ ਹੀ ਹਮੇਸ਼ਾ ਦੀ ਸਜ਼ਾ ਹੋਵੇਗਾ। ਇਹ ਸਿੱਖਿਆ ਉਹ ਉਨ੍ਹਾਂ ਆਇਤਾਂ ਦੇ ਅਧਾਰ ਤੇ ਦਿੰਦੇ ਹਨ ਜਿਨ੍ਹਾਂ ਵਿਚ ਐਲਾਨ ਹੈ ਕਿ ਦੁਸ਼ਟਾਂ ਦਾ ਨਾਸ ਕੀਤਾ ਜਾਵੇਗਾ ਅਤੇ ਉਹ ਹੇਮਸ਼ਾ ਲਈ ਨਾਸ ਹੋਣਗੇ (ਮੱਤੀ 10:28)।

ਯੂਨਾਨੀ ਸ਼ਬਦ *apollumi* (ਅਪੋਲੁੱਮੀ) ਜਿਸ ਦਾ ਅਨੁਵਾਦ ਮੱਤੀ 10:28 ਵਿਚ ‘‘ਨਸ’’ ਹੈ, ‘‘ਮਰਨਾ’’ (ਮੱਤੀ 8:25) ਅਤੇ ‘‘ਗੁਆਚਿਆ’’ (ਲੂਕਾ 15:4, 6) ਵੀ ਹੈ। ਮਸ਼ਕਾਂ ਜਿਨ੍ਹਾਂ ਦਾ ਹਵਾਲਾ ਯਿਸੂ ਨੇ ਮੱਤੀ 9:17 ਵਿਚ ਦਿੱਤਾ, ਨਾਸ ਹੋ ਜਾਣੀਆਂ ਸਨ, ਪਰ ਉਨ੍ਹਾਂ ਦਾ ਵਜੂਦ ਨਹੀਂ ਮੁੱਕਣਾ ਸੀ; ਅਤੇ ਭੇਡ, ਸਿੱਕਾ ਅਤੇ ਉਹ ਪੁੱਤਰ ਜੋ ਗੁਆਚ (ਅਪੋਲੁੱਮੀ) ਗਏ ਸਨ, ਪਰ ਮਿਲ ਗਏ (ਲੂਕਾ 15:6, 9, 24)। ਯਿਸੂ ‘‘ਗੁਆਚੇ ਹੋਏ ਨੂੰ ਭਾਲਣ ਅਤੇ ਬਚਾਉਣ ਲਈ ਆਇਆ’’ ਸੀ (ਲੂਕਾ 19:10) ਅਤੇ ਉਹਨੇ ਵਾਅਦਾ ਕੀਤਾ ਕਿ ‘‘ਜਿਸ ਕਿਸੇ ਨੇ ਆਪਣੀ ਜਾਨ ਲੱਭ ਲਈ ਉਹ ਉਸ ਨੂੰ ਗੁਆਵੇਗਾ’’ (ਮੱਤੀ 10:39)। ਜੇ ਖਾਤਮਾ ਹੀ ਹੋਵੇ ਤਾਂ ਉਹ ਲੱਭ ਨਹੀਂ ਸਕਦਾ ਯਾਨੀ ਉਹ ਬਚਾਇਆ ਨਹੀਂ ਜਾ ਸਕਦਾ। ਕਿਸੇ ਵੀ ਸੰਖੇਪ ਸੰਦਰਭ ਵਿਚ, ਅਪੋਲੁੱਮੀ ਸ਼ਬਦ ਦਾ ਅਰਥ ‘‘ਗੁਆਚਣਾ,’’ ‘‘ਪਤਨ ਹੋਣਾ,’’ ‘‘ਮਰਨਾ,’’ ‘‘ਨਾਸ ਹੋਣਾ’’

ਹੈ, ਪਰ ਇਹਦਾ ਅਰਥ ''ਖਾਤਮਾ ਹੋਣਾ'' ਨਹੀਂ ਹੋ ਸਕਦਾ।

ਦੁਸ਼ਟਾਂ ਨੂੰ ਹਮੇਸ਼ਾ ਲਈ ਲਗਾਤਾਰ ਸਜ਼ਾ ਮਿਲਦੀ ਰਹੇਗੀ: ''ਅਤੇ ਉਨ੍ਹਾਂ ਦੇ ਕਸ਼ਟ ਦਾ ਧੂਆਂ ਯੁੱਗੋ ਯੁੱਗ ਉੱਠਦਾ ਰਹਿੰਦਾ ਹੈ'' (ਪ੍ਰਕਾਸ਼ ਦੀ ਪੋਥੀ 14:11)। ਸ਼ੈਤਾਨ, ਪਸ਼ੂ ਅਤੇ ਝੂਠੇ ਨਬੀ ਦੀ ਸਜ਼ਾ ਬਾਰੇ ਵੀ ਪ੍ਰਕਾਸ ਦੀ ਪੋਥੀ 20:10 ਵਿਚ ਇਹੀ ਵਿਆਖਿਆ ਹੈ, ਜਿਨ੍ਹਾਂ ਨੂੰ ਪਹਿਲਾਂ ਪ੍ਰਕਾਸ਼ ਦੀ ਪੋਥੀ 19:20 ਵਿਚ ਪਹਿਲਾਂ ਅੱਗ ਦੀ ਝੀਲ ਵਿਚ ਸੁੱਟਿਆ ਗਿਆ ਸੀ ਜੇ ਅੱਗ ਦੀ ਝੀਲ ਉਸ ਵਿਚ ਸੁੱਟੇ ਜਾਣ ਵਾਲਿਆਂ ਦਾ ਖਾਤਮਾ ਕਰ ਦਿੰਦੀ ਤਾਂ ਪਸ਼ੂ ਅਤੇ ਝੂਠਾ ਨਬੀ ਜਿਹਨੂੰ ਪਹਿਲਾਂ ਅੱਗ ਦੀ ਝੀਲ ਵਿਚ ਸੁੱਟਿਆ ਗਿਆ ਸੀ ਜਦ ਸ਼ੈਤਾਨ ਨੂੰ ਇਕ ਹਜ਼ਾਰ ਸਾਲ ਤੋਂ ਵੱਧ ਉਸ ਵਿਚ ਸੁੱਟਿਆ ਗਿਆ (ਪ੍ਰਕਾਸ਼ ਦੀ ਪੋਥੀ 20:2, 3) ਅਜੇ ਵੀ ਅੱਗ ਦੀ ਝੀਲ ਵਿਚ ਸਨ ਅਤੇ ''ਦਿਨ ਰਾਤ ਯੁੱਗੋ ਯੁੱਗ'' (ਪ੍ਰਕਾਸ਼ ਦੀ ਪੋਥੀ 20:10) ਉੱਥੇ ਲਗਾਤਾਰ ਕਸ਼ਟ ਭੋਗਦੇ ਰਹਿਣਗੇ।

ਜੋ ਲੋਕ ਨਵੇਂ ਨੇਮ ਵਿਚ ਕੀਤੀ ਪ੍ਰਮੇਸ਼ਵਰ ਦੀ ਕਿਰਪਾ ਨੂੰ ਨਕਾਰਦੇ ਹਨ, ਉਹ ਉਸ ਸਜ਼ਾ ਤੋਂ, ਜੋ ਮੂਸਾ ਦੀ ਸ਼ਰ੍ਹਾ ਨੂੰ ਤੋੜਨ ਵਾਲਿਆਂ ਨੂੰ ਮਿਲੀ ਸੀ, ਕਿਤੇ ਵੱਧ ਸਜ਼ਾ ਦੇ ਯੋਗ ਹੋਣਗੇ (ਇਬਰਾਨੀਆਂ 10:29) ਕਿਉਂਕਿ ਮੂਸਾ ਦੀ ਸ਼ਰ੍ਹਾ ਤੋੜਨ ਵਾਲਿਆਂ ਲਈ ਸਭ ਤੋਂ ਖ਼ਤਰਨਾਕ ਸਜ਼ਾ ਮੌਤ ਹੀ ਸੀ, ਇਸ ਲਈ ਇਹ ਸਜ਼ਾ ਮੌਤ ਨਾਲੋਂ ਵੀ ਭੈੜੀ ਹੋਵੇਗੀ। ਇਸ ਨੂੰ ਨਰਕ ਦੀ ਸਜ਼ਾ ਕਿਹਾ ਜਾਂਦਾ ਹੈ।

*ਸੱਚਮੁੱਚ ਦੀ ਸਜ਼ਾ?* ਨਰਕ (ਯੂਨਾਨੀ ਸ਼ਬਦ: *gehenna* ਗੇਹੰਨਾ[2]) ਸੱਚਮੁੱਚ ਦਾ ਥਾਂ ਹੈ ਜਿਸ ਦਾ ਜ਼ਿਕਰ ਯਿਸੂ ਨੇ[3] ਇਕ ਹੋਰ ਹਵਾਲੇ, ਯਾਕੂਬ 3:6 ਨੂੰ ਛੱਡ ਕੇ ਖ਼ਾਸ ਤੌਰ ਤੇ ਕੀਤਾ। ਹੇਡਿਸ, ਮੁਰਦਿਆਂ ਦਾ ਵਿਚਕਾਰ ਦਾ ਥਾਂ, ਅਤੇ ਨਰਕ ਉਹ ਥਾਂ ਹੈ ਜਿੱਥੇ ਦੁਸ਼ਟਾਂ ਨੂੰ ਸਜ਼ਾ ਮਿਲੇਗੀ, ਦੋਹਾਂ ਵਿਚ ਫ਼ਰਕ ਤੇ ਧਿਆਨ ਕੀਤਾ ਜਾਣਾ ਚਾਹੀਦਾ ਹੈ।

*ਗੇਹੰਨਾ* ਸ਼ਬਦ ਪਹਿਲਾਂ ਯਰੂਸ਼ਲਮ ਦੇ ਦੱਖਣ ਵੱਲ, ਹਿੰਨੋਨ ਦੇ ਪੁੱਤਰਾਂ ਦੀ ਘਾਟੀ ਲਈ ਵਰਤਿਆ ਜਾਂਦਾ ਸੀ। ਇਹ ਥਾਂ ਪ੍ਰਮੇਸ਼ਵਰ ਅਤੇ ਮਨੁੱਖਾਂ ਲਈ ਘਿਣਾਉਣਾ ਅਤੇ ਨਫ਼ਰਤ ਭਰਿਆ ਸੀ ਕਿਉਂਕਿ ਮੂਰਤੀਪੂਜਕਾਂ ਨੇ ਆਪਣੇ ਬੱਚਿਆਂ ਨੂੰ ਇੱਥੇ ਸਾੜਿਆ ਸੀ।[4] ਇਸ ਤਰ੍ਹਾਂ, ਯਿਸੂ ਦੇ ਸਮੇਂ ਵਿਚ ਇਹ ਥਾਂ ਯਰੂਸ਼ਲਮ ਲਈ ਕੂੜਾ ਸੁੱਟਣ ਵਾਲੀ ਥਾਂ ਬਣ ਗਿਆ ਸੀ। ਇਸ ਵਿੱਚੋਂ ਬਦਬੂ ਆਉਂਦੀ ਸੀ, ਇਹ ਕੀੜਿਆਂ ਨਾਲ ਭਰਿਆ ਰਹਿੰਦਾ ਅਤੇ ਲਗਾਤਾਰ ਇਸ ਵਿੱਚੋਂ ਅੱਗ ਦਾ ਧੂੰਆਂ ਨਿਕਲਦਾ ਰਹਿੰਦਾ ਸੀ। ਯਿਸੂ ਵੱਲੋਂ ਗੇਹੰਨਾ ਦੀ ਵਰਤੋਂ ਦੁਸ਼ਟਾਂ ਨੂੰ ਸਜ਼ਾ ਦੇਣ ਦੀ ਥਾਂ ਦੀ ਵਿਆਖਿਆ ਲਈ ਬਿਲਕੁਲ ਢੁਕਵੀਂ ਕੀਤੀ ਗਈ ਸੀ।

ਯਿਸੂ ਨੇ ਗੇਹੰਨਾ ਦੀ ਅੱਗ ਦਾ ਭੱਠੀ ਦੀ ਅੱਗ ਨਾਲ ਇਸ਼ਾਰਾ ਦਿੱਤਾ (ਮੱਤੀ 13:42, 50)। ਇਹ ਅੱਗ ਹਮੇਸ਼ਾ ਤਕ ਰਹਿਣ ਵਾਲੀ ਹੈ ਅਤੇ ਬੁਝ ਨਹੀਂ ਸਕਦੀ (ਮੱਤੀ 3:12; 18:8; 25:41; ਮਰਕੁਸ 9:48[5])। ਉਹਨੇ ਕਿਹਾ, ''ਕੀੜਾ'' ਨਹੀਂ ਮਰੇਗਾ। ਜੇ ਅੱਗ ਅਤੇ ਕੀੜੇ ਲਾਸ਼ਾਂ ਨੂੰ ਖਾ ਜਾਂਦੇ ਹਨ ਤਾਂ ਫਿਰ ਅੱਗ ਬੁਝ ਜਾਂਦੀ ਅਤੇ ਕੀੜੇ ਖਾਣ ਲਈ ਕੁਝ ਹੋਰ ਨਾ ਮਿਲਣ ਕਰਕੇ ਮਰ ਜਾਂਦੇ। ਬੇਸ਼ਕ ਯਿਸੂ ਅੱਗ ਅਤੇ ਕੀੜਿਆਂ ਨੂੰ ਮੂਲ ਰੂਪ ਵਿਚ ਵਿਚਾਰਨ ਲਈ ਨਹੀਂ ਚਾਹੁੰਦਾ ਸੀ, ਉਹਨੇ ਉਨ੍ਹਾਂ ਸ਼ਬਦਾਂ ਦੀ ਵਰਤੋਂ ਕੀਤੀ ਜੋ ਉਸ ਸਜ਼ਾ ਦੇ ਕਦੇ ਨਾ ਖਤਮ ਹੋਣ ਵੱਲ ਇਸ਼ਾਰਾ ਹੈ।

ਜੇ ਅੱਗ ਅਸਲੀ ਨਹੀਂ ਹੈ, ਤਾਂ ਯਿਸੂ ਨੇ ''ਅੱਗ'' ਸ਼ਬਦ ਨੂੰ ਬਾਰ-ਬਾਰ ਕਿਉਂ ਦੁਹਰਾਇਆ? ਦੂਜੇ ਪਾਸੇ, ਉਹ ਰੂਹਾਂ ਨੂੰ ਮਿਲਣ ਵਾਲੀ ਸਜ਼ਾ ਬਾਰੇ ਦੁਨਿਆਵੀ ਸ਼ਬਦਾਂ ਦੀ ਵਰਤੋਂ ਦੇ ਇਲਾਵਾ ਸਾਨੂੰ ਸਮਝ ਆ ਸਕਣ ਵਾਲੇ ਢੰਗ ਨਾਲ ਹੋਰ ਕਿਵੇਂ ਵਰਣਨ ਕਰ ਸਕਦਾ

ਸੀ? ਸ਼ਾਇਦ ਇਸੇ ਤਰ੍ਹਾਂ ਸਵਰਗ ਦੀ ਖੂਬਸੂਰਤੀ ਦਾ ਬਿਆਨ ਕਰਨ ਲਈ ਸੰਸਾਰਕ ਸ਼ਬਦਾਂ ਰਾਹੀਂ ਸਮਝਾਇਆ ਗਿਆ। ਯਿਸੂ ਨੇ ਸਾਨੂੰ ਨਰਕ ਦੀ ਉਸ ਸਜ਼ਾ ਨੂੰ ਸਮਝਾਉਣ ਵਾਸਤੇ ਮਦਦ ਦੇ ਸੰਸਾਰਕ ਸ਼ਬਦਾਂ ਦੀ ਵਰਤੋਂ ਕਰਨੀ ਸੀ।

ਨਰਕ ਵਿਚ ਕਿਹੋ ਜਿਹੀ ਸਜ਼ਾ ਦਾ ਅਹਿਸਾਸ ਹਵੇਗਾ? ਹੁਕਮ ਨਾ ਮੰਨਣ ਵਾਲੇ ਲੋਕ ਕੀ ਉਮੀਦ ਕਰ ਸਕਦੇ ਹਨ?

1. ਨਰਕ ਵਿਚ ਭੇਜੇ ਜਾਣ ਵਾਲਿਆਂ ਨੂੰ ''ਚਲੇ ਜਾਣ'' ਲਈ ਕਿਹਾ ਜਾਵੇਗਾ (ਮੱਤੀ 7:23; ਵੇਖੋ 25:41; ਲੂਕਾ 13:27)। ਉਹ ਪ੍ਰਮੇਸ਼ਵਰ ਤੋਂ ਦੂਰ ਕੀਤੇ ਜਾਣਗੇ।
2. ਨਰਕ ਵਿਚ ਆਉਣ ਵਾਲਿਆਂ ਨੂੰ ਪ੍ਰਮੇਸ਼ਵਰ ਦੀ ਮੌਜੂਦਗੀ ਤੋਂ ਦੂਰ ਸਜ਼ਾ ਦਿੱਤੀ ਜਾਵੇਗੀ (2 ਥੱਸਲੁਨੀਕੀਆਂ 1:9)। ਇਸ ਤੋਂ ਇਹ ਸੰਕੇਤ ਮਿਲ ਸਕਦਾ ਹੈ ਕਿ ਪ੍ਰਮੇਸ਼ਵਰ ਉਨ੍ਹਾਂ ਦੀ ਮਦਦ ਲਈ ਨਾ ਉਨ੍ਹਾਂ ਨੂੰ ਵੇਖੇਗਾ ਅਤੇ ਨਾ ਉਨ੍ਹਾਂ ਦੀ ਸੁਣੇਗਾ।
3. ਸ਼ੈਤਾਨ ਅਤੇ ਉਹਦੇ ਦੂਤ, ਅਤੇ ਹਰ ਦੁਸ਼ਟ ਜੋ ਧਰਤੀ ਤੇ ਕਦੇ ਰਿਹਾ ਹੋਵੇਗਾ, ਸਭ ਨਰਕ ਵਿਚ ਹੋਣਗੇ (ਮੱਤੀ 25:41)।
4. ਨਰਕ, ਅੱਗ ਅਤੇ ਗੰਧਕ ਨਾਲ ਮਿਲਣ ਵਾਲੇ ਕਸ਼ਟ ਦਾ ਥਾਂ ਹੈ (ਪ੍ਰਕਾਸ਼ ਦੀ ਪੋਥੀ 14:10; ਵੇਖੋ 20:10; 21:8)।
5. ਨਰਕ ਵਿਚ ਜਾਣ ਵਾਲੇ ਲਗਾਤਾਰ ਨਾਸ ਹੋਣਗੇ (2 ਥੱਸਲੁਨੀਕੀਆਂ 1:9)।
6. ਉਨ੍ਹਾਂ ਨੂੰ ਪ੍ਰਮੇਸ਼ਵਰ ਦੇ ਸਦੀਵੀ ਰਾਜ ਵਿਚ ਪ੍ਰਵੇਸ਼ ਦੀ ਇਜਾਜ਼ਤ ਨਹੀਂ ਹੋਵੇਗੀ (1 ਕੁਰਿੰਥੀਆਂ 6:9; ਗਲਾਤੀਆਂ 5:21)।
7. ਉਹ ਪ੍ਰਮੇਸ਼ਵਰ ਦੇ ਕ੍ਰੋਧ ਨੂੰ ਸਹਿ ਰਹੇ ਹੋਣਗੇ (ਮੱਤੀ 3:7; ਵੇਖੋ ਰੋਮੀਆਂ 2:5; 5:9; ਅਫ਼ਸੀਆਂ 5:6; ਕੁਲੁੱਸੀਆਂ 3:6)। ਇਹ ਬਗੈਰ ਕਿਸੇ ਮਿਲਾਵਟ ਦੇ ਉਨ੍ਹਾਂ ਤੇ ਸੁੱਟਿਆ ਜਾਵੇਗਾ (ਪ੍ਰਕਾਸ਼ ਦੀ ਪੋਥੀ 14:10)।
8. ਉਹ ਬਾਹਰ, ਘੁੱਪ ਹਨੇਰੇ ਵਿਚ ਹੋਣਗੇ (ਮੱਤੀ 8:12; ਵੇਖੋ 22:13; 25:30; 2 ਪਤਰਸ 2:17; ਯਹੂਦਾ 13)।
9. ਉਹ ਦੋਸ਼ੀ ਠਹਿਰਣਗੇ (ਮਰਕੁਸ 16:16; ਯੂਹੰਨਾ 5:29; 2 ਥੱਸਲੁਨੀਕੀਆਂ 2:12; 2 ਪਤਰਸ 2:3)।
10. ਉਹ ਵਿਨਾਸ਼ ਦੀ ਹਾਲਤ ਵਿਚ ਹੋਣਗੇ (ਗਲਾਤੀਆਂ 6:8)।
11. ਉਹ ਪ੍ਰਮੇਸ਼ਵਰ ਦਾ ਬਦਲਾ ਝੱਲਣਗੇ (ਰੋਮੀਆਂ 12:19)।

ਸਜ਼ਾ ਭੋਗਣ ਵਾਲਿਆਂ ਦੀ ਪ੍ਰਤੀਕ੍ਰਿਆ ਸਹਿਣ ਤੋਂ ਬਾਹਰ ਹੈ; ਉਹ ਕਲੇਸ਼ ਅਤੇ ਤਕਲੀਫ਼ ਭੋਗ ਰਹੇ ਹੋਣਗੇ (ਰੋਮੀਆਂ 2:9)। ਯਿਸੂ ਨੇ ਕਿਹਾ ਕਿ ਉਹ ਰੋ ਰਹੇ ਹੋਣਗੇ ਅਤੇ ਦੰਦ ਪੀਹ ਰਹੇ ਹੋਣਗੇ, ਜੋ ਬੇਹੱਦ ਤਕਲੀਫ਼ ਭਰੀ ਹਾਲਤ ਹੈ (ਮੱਤੀ 8:12; 13:42, 50; 22:13; 24:51; 25:30; ਲੂਕਾ 13:28)।

ਨਰਕ ਬਾਰੇ ਜੋ ਕੁਝ ਵੀ ਕਿਹਾ ਗਿਆ ਹੈ ਉਹ ਸਭ ਬਹੁਤ ਹੀ ਭਿਆਨਕ ਤਰੀਕੇ ਨਾਲ ਬੁਰਾ ਹੈ ਯਾਨੀ ਇਸ ਬਾਰੇ ਕੁਝ ਵੀ ਚੰਗਾ ਨਹੀਂ ਕਿਹਾ ਗਿਆ ਹੈ। ਉੱਥੇ ਹਮੇਸ਼ਾ ਲਈ ਜਾਣ ਵਾਲਾ ਹਰ ਬੁਰਾ ਵਿਅਕਤੀ, ਜੋ ਕਦੇ ਧਰਤੀ ਤੇ ਰਿਹਾ ਹੋਵੇ ਅਤੇ ਸ਼ੈਤਾਨ ਅਤੇ ਉਹਦੇ ਦੂਤ ਹੋਣਗੇ (ਮੱਤੀ 25:41)! ਉਹ ਕਦੇ ਵੀ ਪ੍ਰਮੇਸ਼ਵਰ ਨਾਲ ਜਾਂ ਧਰਮੀ ਲੋਕਾਂ ਨਾਲ ਨਹੀਂ

ਰਹਿਣਗੇ ਉਹ ਹਮੇਸ਼ਾ ਲਈ ਹਨ੍ਹੇਰੇ ਵਿਚ ਰਹਿਣਗੇ। ਪ੍ਰਮੇਸ਼ਵਰ ਜੋ ਕਿ ਰੌਸ਼ਨੀ ਹੈ ਉੱਥੇ ਨਹੀਂ ਹੋਵੇਗਾ। ਸੂਰਜ, ਅਕਾਸ਼ਗੰਗਾ, ਤਾਰੇ ਅਤੇ ਸਾਡੇ ਸੰਸਾਰ ਦੀ ਕੋਈ ਵੀ ਰੌਸ਼ਨੀ ਉੱਥੇ ਨਹੀਂ ਹੋਵੇਗੀ। ਪ੍ਰਮੇਸ਼ਵਰ ਅਤੇ ਇਨ੍ਹਾਂ ਰੌਸ਼ਨੀਆਂ ਦੇ ਬਿਨਾਂ ਸਿਰਫ਼ ਹਨ੍ਹੇਰਾ ਹੀ ਹੈ।

**ਨਰਕ ਵਿਚ ਕੌਣ ਜਾਵੇਗਾ?**

ਸਾਨੂੰ ਦੱਸਿਆ ਗਿਆ ਹੈ ਕਿ ਸਜ਼ਾ ਕਿਸ ਨੂੰ ਮਿਲੇਗੀ। ਪੌਲੁਸ ਨੇ ਉਨ੍ਹਾਂ ਨੂੰ ਢੀਠ ਅਤੇ ਤੌਬਾ ਨਾ ਕਰਨ ਵਾਲੇ ਮਨ ਕਿਹਾ ਹੈ, ਜੋ ''ਆਕੀ ਹਨ ਅਰ ਸੱਤ ਨੂੰ ਨਹੀਂ ਮੰਨਦੇ ਸਗੋਂ ਕੁਧਰਮ ਨੂੰ ਮੰਨਦੇ ਹਨ'' ਅਤੇ ਬੁਰਾਈ ਕਰਦੇ ਹਨ (ਰੋਮੀਆਂ 2:5, 8, 9)। ਨਾਲੇ ਉਹਨੇ ਇਹ ਵੀ ਲਿਖਿਆ ਕਿ ਉਨ੍ਹਾਂ ਵਿਚ ਉਹ ਵੀ ਹਨ ''ਜਿਹੜੇ ਪ੍ਰਮੇਸ਼ਵਰ ਨੂੰ ਨਹੀਂ ਜਾਣਦੇ ਅਤੇ ਸਾਡੇ ਪ੍ਰਭੂ ਯਿਸੂ ਦੀ ਇੰਜੀਲ ਨੂੰ ਨਹੀਂ ਮੰਨਦੇ'' (2 ਥੱਸਲੁਨੀਕੀਆਂ 1:8)। ਪੌਲੁਸ ਨੇ ਉਨ੍ਹਾਂ ਲੋਕਾਂ ਬਾਰੇ ਦੱਸਿਆ ਜੋ ਸਵਰਗ ਵਿਚ ਨਹੀਂ ਜਾਣਗੇ, ਜਿਹਦਾ ਮਤਲਬ ਇਹ ਹੋਇਆ ਕਿ ਉਹ ਨਰਕ ਵਿਚ ਜਾਣਗੇ (1 ਕੁਰਿੰਥੀਆਂ 6:9; ਵੇਖੋ ਗਲਾਤੀਆਂ 5:21; ਅਫ਼ਸੀਆਂ 5:5)। ਉਸ ਜ਼ਿੰਦਗੀ ਨੂੰ ਜੀਣ ਕਰਕੇ ਜਿਹੜੀ ਉਹ ਜੀਉਂਦੇ ਹਨ, ਨਰਕ ਉਨ੍ਹਾਂ ਦਾ ਸਦੀਵੀ ਘਰ ਹੋਵੇਗਾ।

ਇਸ ਵਿਚ ਹੈਰਾਨੀ ਦੀ ਗੱਲ ਨਹੀਂ ਕਿ ਨਵਾਂ ਨੇਮ ਡਰ ਦੀ ਗੱਲ ਕਰਦਾ ਹੈ। ਪੌਲੁਸ ਨੇ ਲਿਖਿਆ ਹੈ, ''ਉਪਰੰਤ ਅਸੀਂ ਪ੍ਰਭੂ ਦਾ ਭੈ ਜਾਣ ਕੇ ਮਨੁੱਖਾਂ ਨੂੰ ਮਨਾਉਂਦੇ'' ਹਾਂ(2 ਕੁਰਿੰਥੀਆਂ 5:11)। ਉਸੇ ਪੰਕਤੀ ਵਿਚ, ਪਤਰਸ ਨੇ ਇਉਂ ਲਿਖਿਆ, ''ਜੇ ਤੁਸੀਂ ਪਿਤਾ ਕਰਕੇ ਉਹ ਦੀ ਦੁਹਾਈ ਦਿੰਦੇ ਹੋ ਜਿਹੜਾ ਹਰੇਕ ਦੇ ਕੰਮ ਦੇ ਅਨੁਸਾਰ ਬਿਨਾ ਪੱਖਪਾਤ ਨਿਆਉਂ ਕਰਦਾ ਹੈ ਤਾਂ ਆਪਣੀ ਮੁਸਾਫ਼ਰੀ ਦਾ ਸਮਾ ਭੈ ਨਾਲ ਬਤੀਤ ਕਰੋ'' (1 ਪਤਰਸ 1:17)। ਯਿਸੂ ਨੇ ਕਿਹਾ, ''ਅਰ ਉਨ੍ਹਾਂ ਕੋਲੋਂ ਨਾ ਡਰੋ ਜਿਹੜੇ ਦੇਹੀ ਨੂੰ ਮਾਰ ਸੁੱਟਦੇ ਹਨ ਪਰ ਰੂਹ ਨੂੰ ਨਹੀਂ ਮਾਰ ਸਕਦੇ ਸਗੋਂ ਉਸੇ ਕੋਲੋਂ ਡਰੋ ਜਿਹੜਾ ਦੇਹੀ ਅਤੇ ਰੂਹ ਦੋਹਾਂ ਦਾ ਨਰਕ ਵਿਚ ਨਾਸ ਕਰ ਸਕਦਾ ਹੈ'' (ਮੱਤੀ 10:28)। ਪੌਲੁਸ ਨੇ ਇਹ ਵੀ ਲਿਖਿਆ, ''ਇਸ ਲਈ, ਹੇ ਮੇਰੇ ਪਿਆਰਿਓ, ਜਿਵੇਂ ਤੁਸਾਂ ਸਦਾ ਆਗਿਆਕਾਰੀ ਕੀਤੀ ਨਿਰੇ ਮੇਰੇ ਹੁੰਦਿਆਂ ਨਹੀਂ ਸਗੋਂ ਹੁਣ ਬਹੁਤ ਵਧੀਕ ਮੇਰੇ ਪਰੋਖੇ ਹੁੰਦਿਆਂ ਤੁਸੀਂ ਡਰਦੇ ਅਤੇ ਕੰਬਦੇ ਹੋਏ ਆਪਣੀ ਮੁਕਤੀ ਦਾ ਕੰਮ ਕਿਛਾਓ'' (ਫ਼ਿਲਿੱਪੀਆਂ 2:12)।

''ਪ੍ਰੇਮ[6] ਵਿਚ ਧੜਕਾ ਨਹੀਂ'' (1 ਯੂਹੰਨਾ 4:18), ਅਤੇ ਸਿੱਧ ਪ੍ਰੇਮ ਨਾਲ ਅਸੀਂ ਹੁਕਮ ਮੰਨਣ ਵਾਲੇ ਬਣਾਂਗੇ (ਯੂਹੰਨਾ 14:15, 21; 1 ਯੂਹੰਨਾ 5:3)। ਸਾਨੂੰ ਆਪਣੇ ਅੰਦਰ ਪ੍ਰਮੇਸ਼ਵਰ ਦੇ ਪ੍ਰੇਮ ਅਤੇ ਭੈ ਦੋਹਾਂ ਨੂੰ ਵਧਣ ਦੇਣਾ ਚਾਹੀਦਾ ਹੈ। ਪ੍ਰਮੇਸ਼ਵਰ ਲਈ ਸਾਡਾ ਪ੍ਰੇਮ ਸਾਨੂੰ ਉਸ ਦੀ ਸੇਵਾ ਕਰਨ ਲਈ ਉਹਦੇ ਨੇੜੇ ਲਿਆਵੇਗਾ, ਅਤੇ ਪ੍ਰਮੇਸ਼ਵਰ ਦਾ ਪ੍ਰੇਮ ਸਾਨੂੰ ਉਹਦੀ ਇੱਛਾ ਨੂੰ ਪੂਰਾ ਕਰਨ ਲਈ ਉਹਦਾ ਭੈ ਸਿਖਾਵੇਗਾ (1 ਪਤਰਸ 1:17)।

ਜੋ ਕੁਝ ਵੀ ਕਿਹਾ ਗਿਆ ਹੈ, ਉਹ ਸਾਨੂੰ ਇਹ ਸਮਝਣ ਲਈ ਕਾਫ਼ੀ ਹੋਣਾ ਚਾਹੀਦਾ ਹੈ ਕਿ ਅਸੀਂ ਨਰਕ ਵਿਚ ਨਹੀਂ ਜਾਣਾ ਚਾਹੁੰਦੇ। ਨਰਕ ਸਾਡੇ ਲਈ ਨਹੀਂ ਬਣਾਇਆ ਗਿਆ ਸਗੋਂ ਸ਼ੈਤਾਨ ਅਤੇ ਉਹਦੇ ਦੂਤਾਂ ਲਈ ਬਣਾਇਆ ਗਿਆ ਹੈ। ਸੰਸਾਰ ਦੇ ਇਤਿਹਾਸ ਵਿਚ ਗੜਬੜੀ ਪਾਉਣ ਕਾਰਣ ਸ਼ੈਤਾਨ ਉਸ ਬੇਹੱਦ ਮਘਦੇ ਹੋਏ ਨਰਕ ਵਿਚ ਜਾਣ ਦਾ ਹੱਕਦਾਰ ਹੈ, ਜੋ ਪ੍ਰਮੇਸ਼ਵਰ ਨੇ ਉਹਦੇ ਲਈ ਬਣਾਇਆ ਹੈ। ਪਰ ਜੇ ਅਸੀਂ ਇਹ ਕਹਿੰਦੇ ਹਾਂ ਕਿ ਸਾਨੂੰ ਅਹਿਸਾਸ ਹੋਣਾ ਚਾਹੀਦਾ ਹੈ ਕਿ ਜੋ ਲੋਕ ਪ੍ਰਮੇਸ਼ਵਰ ਦੀ ਆਗਿਆ ਨਹੀਂ ਮੰਨਦੇ ਸਗੋਂ ਸ਼ੈਤਾਨ ਦੇ ਪਿੱਛੇ ਚਲਦੇ ਹਨ, ਉਹ ਵੀ ਆਪਣੇ ਪਾਪਾਂ ਲਈ ਥੋੜ੍ਹੀ ਜਿਹੀ ਝਿੜਕ ਦੇ ਨਹੀਂ ਸਗੋਂ ਵੱਡੀ ਸਜ਼ਾ ਦੇ ਹੱਕਦਾਰ ਹਨ।

ਸਾਡਾ ਸਭ ਤੋਂ ਵੱਡਾ ਮਕਸਦ ਸਵਰਗ ਵਿਚ ਪਹੁੰਚਣਾ ਅਤੇ ਨਰਕ ਦੀ ਸਜ਼ਾ ਤੋਂ ਬਚਣਾ ਹੋਣਾ ਚਾਹੀਦਾ ਹੈ। ਸਵਰਗ ਵਿਚ ਛੋਟੀ ਤੋਂ ਛੋਟੀ ਥਾਂ ਨਰਕ ਦੀ ਸੋਹਣੀ ਤੋਂ ਸੋਹਣੀ ਥਾਂ ਨਾਲੋਂ ਵੀ ਚੰਗੀ ਹੈ। ਜੇ ਨਰਕ ਵਿਚ ਕੋਈ ਚੰਗੀ ਥਾਂ ਹੁੰਦੀ ਤਾਂ ਹਮੇਸ਼ਾ ਤਕ ਉਸ ਵਿਚ ਰਹਿਣ ਨੂੰ ਹੀ ਤਰਜੀਹ ਦਿੱਤੀ ਜਾਂਦੀ। ਅਸੀਂ ਪ੍ਰਮੇਸ਼ਵਰ ਦੀ ਇੱਛਾ ਮੁਤਾਬਕ ਜ਼ਿੰਦਗੀ ਬਿਤਾ ਕੇ ਅਤੇ ਦੂਜਿਆਂ ਨੂੰ ਸਵਰਗ ਵਿਚ ਜਾਣ ਲਈ ਤਿਆਰ ਕਰਕੇ ਨਰਕ ਦੇ ਖ਼ੌਫ ਤੋਂ ਬਚ ਸਕਦੇ ਹਾਂ।

## ਸਵਰਗ ਦੀ ਇਕ ਪੂਰਵ ਝਾਤ

ਯਿਸੂ ਵੱਲੋਂ ਕੀਤਾ ਇਕ ਦਿਲਚਸਪ ਵਾਅਦਾ ਇਹ ਹੈ ਕਿ ''ਤੁਹਾਡਾ ਫ਼ਲ ਸਵਰਗ ਵਿਚ ਬਹੁਤ ਹੈ'' (ਮੱਤੀ 5:12; ਲੂਕਾ 6:23)। ਸਾਨੂੰ, ਜੋ ਮਸੀਹੀ ਹਾਂ ਸਵਰਗ ਵਿਚ ਜ਼ਿੰਦਗੀ ਦੀ ਆਸ ਹੈ (ਅਫ਼ਸੀਆਂ 4:4) ਜੋ ਇਸ ਜੀਵਨ ਦੀ ਮਹਿਮਾ ਨਾਲੋਂ ਕਿਤੇ ਵੱਧ ਹੈ, ਜੋ ਇਕ ਅਜਿਹੀ ਬਰਕਤ ਹੈ ਜਿਹੜੀ ਮਸੀਹੀ ਲੋਕਾਂ ਨੂੰ ਹੋਰਨਾਂ ਨਾਲੋਂ ਚੰਗਾ ਬਣਾਉਂਦੀ ਹੈ। ਕਿਸੇ ਹੋਰ ਕੋਲ ਸਵਰਗ ਬਾਰੇ ਐਨੇ ਗੀਤ ਨਹੀਂ ਹੋਣਗੇ ਜਾਂ ਕੋਈ ਵੀ ਆਪਣੇ ਭਵਿੱਖ ਦੇ ਘਰ ਲਈ ਐਨੀ ਵਾਰ ਨਹੀਂ ਗਾਉਂਦਾ ਹੋਵੇਗਾ। ਸਵਰਗ ਦੀ ਸਾਡੀ ਆਸ ਉਨ੍ਹਾਂ ਤਕਲੀਫ਼ਾਂ ਅਤੇ ਮੁਸ਼ਕਲਾਂ ਵਿੱਚੋਂ ਦੀ ਨਿੱਕਲ ਕੇ ਅਨੰਦ ਵੱਲ ਲੈ ਜਾਂਦੀ ਹੈ ਜਦ ਕਿ ਦੂਜੇ ਲੋਕ ਦੁੱਖ ਅਤੇ ਨਿਰਾਸ਼ਾ ਵਿਚ ਪੈ ਕੇ ਉਨ੍ਹਾਂ ਵਿਚ ਹੀ ਫਸੇ ਰਹਿੰਦੇ ਹਨ (1 ਥੱਸਲੁਨੀਕੀਆਂ 4:13)।

ਯਿਸੂ ਨੇ ਕਿਹਾ, ''ਮੈਂ ਇਸ ਲਈ ਆਇਆ ਭਈ ਉਨ੍ਹਾਂ ਨੂੰ ਜੀਉਣ ਮਿਲੇ ਸਗੋਂ ਚੋਖਾ ਮਿਲੇ'' (ਯੂਹੰਨਾ 10:10)। ਅਜਿਹਾ ਨਹੀਂ ਕਿ ਚੋਖੇ ਜੀਉਣ ਵਿਚ ਮੁਸ਼ਕਿਲਾਂ ਨਹੀਂ ਹਨ। ਪੌਲੁਸ ਨੇ ਲਿਖਿਆ, ''ਹਾਂ, ਸੱਭੇ ਜਿੰਨੇ ਮਸੀਹ ਯਿਸੂ ਵਿਚ ਭਗਤੀ ਨਾਲ ਉਮਰ ਕੱਟਣੀ ਚਾਹੁੰਦੇ ਹਨ ਸੋ ਸਤਾਏ ਜਾਣਗੇ'' (2 ਤਿਮੋਥਿਉਸ 3:12)। ਜੋ ਦੁੱਖ ਪੌਲੁਸ ਨੇ ਝੱਲੇ ਉਨ੍ਹਾਂ ਨਾਲ ਉਹ ਇਹ ਕਹਿਣ ਦੇ ਕਾਬਲ ਹੋ ਗਿਆ ਕਿ ''ਜੇ ਨਿਰ੍ਹੇ ਇਸੇ ਜੀਵਨ ਵਿਚ ਅਸਾਂ ਮਸੀਹ ਉੱਤੇ ਆਸ ਰੱਖੀ ਹੋਈ ਹੈ ਤਾਂ ਅਸੀਂ ਸਭਨਾਂ ਮਨੁੱਖਾਂ ਨਾਲੋਂ ਤਰਸਯੋਗ ਹਾਂ'' (1 ਕੁਰਿੰਥੀਆਂ 15:19)। ਉਹਨੇ ਮਸੀਹ ਲਈ ਆਪਣੇ ਦੁੱਖ ਝੱਲਣ ਬਾਰੇ ਲਿਖਿਆ, ''ਜੇ ਆਦਮੀ ਵਾਂਗੂੰ ਮੈਂ ਅਫ਼ਸੁਸ ਵਿਚ ਦਰਿੰਦਿਆਂ ਨਾਲ ਲੜਿਆ ਤਾਂ ਮੈਨੂੰ ਕੀ ਲਾਭ ਹੈ? ਜੇ ਮੁਰਦੇ ਨਹੀਂ ਜੀ ਉੱਠਦੇ ਤਾਂ ਆਓ ਅਸੀਂ ਖਾਈਏ ਪੀਵੀਏ ਕਿਉਂ ਜੋ ਭਲਕੇ ਮਰਨਾ ਹੈ'' (1 ਕੁਰਿੰਥੀਆਂ 15:32; ਵੇਖੋ ਯਸਾਯਾਹ 22:13)।

ਨਵਾਂ ਨੇਮ ਅੱਗੇ ਵੇਖਣ ਲਈ ਸਾਨੂੰ ਬਹੁਤ ਕੁਝ ਦਿੰਦਾ ਹੈ। ਪਵਿੱਤਰ ਲਿਖਤ ਵਿਚ ਸਵਰਗ ਦਾ ਅਰਥ, ਬਚਾਏ ਹੋਏ ਲੋਕਾਂ ਦੇ ਸਦੀਵੀ ਘਰ ਦੇ ਰੂਪ ਵਿਚ ਬਾਰ-ਬਾਰ ਜਾਂ ਵਿਸਤਾਰ ਨਾਲ ਨਹੀਂ ਦੱਸਿਆ ਗਿਆ ਸਗੋਂ ਸਵਰਗ ਦੀਆਂ ਬਰਕਤਾਂ ਵੱਲ ਬਾਰ-ਬਾਰ ਧਿਆਨ ਦੁਆਇਆ ਗਿਆ ਹੈ।

ਸਵਰਗ ਵਿਚ ਘਰ ਲਈ ਇਕ ਮਸੀਹੀ ਦੀ ਆਸ ਉਸ ਨੂੰ ਅਨੰਦ ਨਾਲ ਭਰ ਦਿੰਦੀ ਹੈ (ਰੋਮੀਆਂ 12:12)। ਇਹ ਉਸ ਨਾਲੋਂ ਉੱਤਮ ਵਾਅਦਾ ਹੈ ਜਿਹੜਾ ਪੁਰਾਣੇ ਨੇਮ ਵਿਚ ਰਹਿਣ ਵਾਲਿਆਂ ਨਾਲ ਕੀਤਾ ਗਿਆ ਸੀ (ਇਬਰਾਨੀਆਂ 8:6; 10:34)। ਉਹਨੇ ਉਸ ਨੇਮ ਵਿਚ ਜਿਹੜਾ ਪ੍ਰਮੇਸ਼ਵਰ ਨੇ ਉਨ੍ਹਾਂ ਨੂੰ ਦਿੱਤਾ ਸੀ ਬਣੇ ਰਹਿਣ ਵਾਲਿਆਂ ਨੂੰ ਕਨਾਨ ਦੇਸ਼ ਦੇਣ ਦਾ, ਲੰਮੀ ਉਮਰ ਅਤੇ ਖੁਸ਼ਹਾਲੀ ਦਾ ਵਾਅਦਾ ਦਿੱਤਾ ਸੀ (ਵਿਵਸਥਾਸਾਰ 4:13; 5:33)। ਜੇ ਸਾਨੂੰ ਧਰਤੀ ਤੇ ਇਕ ਬੇਦਾਗ ਥਾਂ ਦੇਣ ਦਾ ਵਾਅਦਾ ਕੀਤਾ ਜਾਂਦਾ ਹੈ, ਤਾਂ ਸਾਡੀ ਉਮੀਦ ਦਾ ਅਧਾਰ, ਉਨ੍ਹਾਂ ਵਾਅਦਿਆਂ ਨਾਲੋਂ ਉੱਤਮ ਨਹੀਂ ਹੋਵੇਗਾ ਜਿਹੜੇ ਇਸਰਾਏਲ ਨੂੰ ਦਿੱਤੇ ਗਏ

(ਵਿਵਸਥਾਸਾਰ 28:1-14)। ਪਰ ਸਾਡੀ ਉਮੀਦ ਇਸ ਧਰਤੀ ਤੇ ਜ਼ਮੀਨ ਦੇ ਇਕ ਹਿੱਸੇ ਤੇ ਖੁਸ਼ਹਾਲੀ ਅਤੇ ਲੰਮੀ ਉਮਰ ਦੇ ਬਜਾਏ ਸਵਰਗ ਵਿਚ ਹਮੇਸ਼ਾ ਲਈ ਇਕ ਥਾਂ ਹੈ (1 ਪਤਰਸ 1:3, 4)। ਇਸ ਧਰਤੀ ਤੇ ਅਸੀਂ ਭਾਵੇਂ ਕਿੰਨੀ ਵੀ ਦੇਰ ਤਕ ਰਹੀਏ ਅਤੇ ਪ੍ਰਮੇਸ਼ਵਰ ਦੀਆਂ ਬਰਕਤਾਂ ਦਾ ਅਨੰਦ ਮਾਣਦੇ ਰਹੀਏ, ਪਰ ਇਹ ਸੰਸਾਰਕ ਜੀਵਨ ਟਿਕਿਆ ਰਹਿਣ ਵਾਲਾ ਨਹੀਂ ਹੈ। ਬਾਹਰੀ ਇਨਸਾਨ ਦਿਨ-ਬ-ਦਿਨ ਨਾਸ਼ ਹੁੰਦਾ ਜਾਂਦਾ ਹੈ (2 ਕੁਰਿੰਥੀਆਂ 4:16); ਇਕ ਦਿਨ ਅਸਾਂ ਸਭ ਨੇ ਮਰ ਜਾਣਾ ਹੈ (ਇਬਰਾਨੀਆਂ 9:27)। ਉਹਦੇ ਬਾਅਦ ਇਸ ਧਰਤੀ ਤੇ ਕੋਈ ਹੋਰ ਜੀਵਨ ਨਹੀਂ ਮਿਲੇਗਾ-ਨਾ ਤਾਂ ਕਿਸੇ ਮਨੁੱਖ ਦੇ ਰੂਪ ਵਿਚ, ਨਾ ਕਿਸੇ ਹੋਰ ਜੀਵ ਦੇ ਰੂਪ ਵਿਚ। ਇਸ ਜੀਵਨ ਦੇ ਬਾਅਦ ਸਿਰਫ਼ ਨਿਆਂ ਹੋਣਾ ਹੈ, ਜਾਂ ਤਾਂ ਉਸ ਪ੍ਰਮੇਸ਼ਵਰ ਦੇ ਨਾਲ ਸਵਰਗ ਵਿਚ ਜਿਸ ਦੀ ਅਸੀਂ ਸੇਵਾ ਕੀਤੀ ਹੈ (ਵੇਖੋ ਮੱਤੀ 25:34) ਜਾਂ ਹਮੇਸ਼ਾ ਦੀ ਅੱਗ ਵਿਚ ਜਿਹੜੀ ਉਨ੍ਹਾਂ ਲਈ ਤਿਆਰ ਕੀਤੀ ਗਈ ਹੈ ਜਿਨ੍ਹਾਂ ਨੇ ਉਹਦੀ ਸੇਵਾ ਤੋਂ ਇਨਕਾਰ ਕੀਤਾ (ਵੇਖੋ ਮੱਤੀ 25:41)।

## ਸਵਰਗ ਕਿਹੋ ਜਿਹਾ ਹੈ?

ਜਿਵੇਂ ਬਾਈਬਲ ਵਿਚ ਸਵਰਗ ਦਾ ਵਰਣਨ ਕੀਤਾ ਗਿਆ ਹੈ, ਉਸ ਨੂੰ ਸਮਝਣ ਲਈ, ਸਾਨੂੰ ਇਹ ਮਹਿਸੂਸ ਕਰਨਾ ਜ਼ਰੂਰੀ ਹੈ ਕਿ ''ਸਵਰਗ'' ਦੀ ਵਰਤੋਂ ਤਿੰਨ ਵੱਖ ਵੱਖ ਖੇਤਰਾਂ ਵਿਚ ਕੀਤੀ ਗਈ ਹੈ (2 ਕੁਰਿੰਥੀਆਂ 12:2-4): (1) ਅਕਾਸ਼ ਜਿੱਥੇ ਬੱਦਲ ਹਨ (ਵਿਵਸਥਾਸਾਰ 11:11) ਅਤੇ ਜਿੱਥੇ ਪੰਛੀ ਉੱਡਦੇ ਹਨ (ਜ਼ਬੂਰਾਂ ਦੀ ਪੋਥੀ 79:2), (2) ਤਾਰੇ ਅਤੇ ਤਾਰਾਮੰਡਲ ਨਾਲ ਭਰਿਆ ਸੌਰਮੰਡਲ (ਉਤਪਤ 1:14-18; ਵਿਵਸਥਾਸਾਰ 1:10) ਅਤੇ (3) ਪ੍ਰਮੇਸ਼ਵਰ ਦਾ ਨਿਵਾਸ ਸਥਾਨ, ਜਿੱਥੇ ਧਰਤੀ ਦੇ ਛੁਟਕਾਰਾ ਪਾਏ ਹੋਏ ਲੋਕ ਹਮੇਸ਼ਾ ਤਕ ਰਹਿਣਗੇ (1 ਪਤਰਸ 1:3, 4)। ਇਹ ਆਖ਼ਰੀ ਹਵਾਲਾ ਇਸ ਪਾਠ ਨਾਲ ਸਬੰਧਿਤ ਹੈ।

*''ਸਵਰਗ ਦਾ ਰਾਜ'' ਅਭਿਵਿਅਕਤੀ ਦੀ ਵਰਤੋਂ* (1) *ਪ੍ਰਮੇਸ਼ਵਰ ਦਾ ਅਨੰਤ ਰਾਜ (ਮੱਤੀ 13:43),* (2) *ਬਚਾਏ ਹੋਇਆਂ ਲਈ ਤਿਆਰ ਕੀਤਾ ਰਾਜ (ਮੱਤੀ 25:34) ਅਤੇ* (3) *ਮਸੀਹ ਦਾ ਰਾਜ ਜਿਸ ਦੇ ਨੇੜੇ ਹੋਣ ਦਾ ਉਸ ਨੇ ਪ੍ਰਚਾਰ ਕੀਤਾ ਅਤੇ ਜਿਸ ਦਾ ਪ੍ਰਚਾਰ ਕਰਨ ਲਈ ਉਸ ਨੇ ਦੂਜਿਆਂ ਨੂੰ ਭੇਜਿਆ, ਲਈ ਕੀਤੀ ਗਈ ਹੈ।* ਇਸ ਰਾਜ ਨੂੰ ''ਸਵਰਗ ਦਾ ਰਾਜ'' (ਮੱਤੀ 4:17); ''ਪ੍ਰਮੇਸ਼ਵਰ ਦਾ ਰਾਜ'' (ਮਰਕੁਸ 1:15), ''ਮੇਰਾ ਰਾਜ'' (ਲੂਕਾ 22:30) ਅਤੇ ਉਹਦੇ ''ਪਿਆਰੇ ਪੁੱਤਰ ਦਾ ਰਾਜ'' (ਕੁਲੁੱਸੀਆਂ 1:13) ਕਹਿ ਕੇ ਸੰਬੋਧਿਤ ਕੀਤਾ ਗਿਆ। ਤਿੰਨਾਂ ਨੂੰ ਇਕ ਕਰਨ ਵਾਲਾ ਸੂਤਰ ਜੋ ਇਨ੍ਹਾਂ ਦੇ ਵਿੱਚੋਂ ਦੀ ਹੋ ਕੇ ਇਨ੍ਹਾਂ ਨੂੰ ਅਰਥ ਦਿੰਦਾ ਹੈ ਉਹ ਇਸ ਨੂੰ ਸਵਰਗ ਦੀ ਹਕੂਮਤ ਕਹਿ ਕੇ ਸੰਬੋਧਿਤ ਕਰਦਾ ਹੈ। ਮਸੀਹ ਦੀ ਖ਼ਾਸ ਹਕੂਮਤ, ਜਿਸ ਦੇ ਨੇੜੇ ਹੋਣ ਦਾ ਉਹਨੇ ਪ੍ਰਚਾਰ ਕੀਤਾ (ਮੱਤੀ 4:17), ਉਹਦੇ ਉੱਪਰ ਉਠਾਏ ਜਾਣ ਦੇ ਨਾਲ ਹੀ ਸ਼ੁਰੂ ਹੋ ਗਈ (ਅਫ਼ਸੀਆਂ 1:19-23) ਅਤੇ ਉਹਦੇ ਵਾਪਸ ਆਉਣ ਤੇ ਖ਼ਤਮ ਹੋ ਜਾਵੇਗੀ (1 ਕੁਰਿੰਥੀਆਂ 15:24)। ਇਹ ਪਾਠ ਇਸ ਗੱਲ ਤੇ ਜ਼ੋਰ ਦੇਵੇਗਾ ਕਿ ਇਹ ਉਹ ਰਾਜ ਹੈ ਜਿਸ ਵਿਚ ਬਚਾਏ ਹੋਏ ਲੋਕ ਆਪਣੇ ਹਮੇਸ਼ਾ ਦੇ ਇਨਾਮ ਦੇ ਤੌਰ ਤੇ ਵੜਨਗੇ (ਮੱਤੀ 25:34)। ਸਿਰਫ਼ ਸੰਦਰਭ ਤੋਂ ਹੀ ਪਤਾ ਲਗ ਸਕਦਾ ਹੈ ਕਿ ਹਰ ਆਇਤ ਵਿਚ ਇਸ ਸ਼ਬਦ ਦੀ ਕਿਸ ਵਰਤੋਂ ਦਾ ਕੀ ਅਰਥ ਹੈ।

ਕਿਉਂਕਿ ਸਵਰਗ ਕੋਈ ਸਪਰਸ਼ ਕੀਤੇ ਜਾਣ ਯੋਗ, ਸੰਸਾਰਕ ਅਕਾਰ ਵਾਲਾ ਨਹੀਂ ਹੈ, ਇਸ ਲਈ ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਸ ਦੇ ਵਰਣਨ ਲਈ ਸੰਸਾਰਕ ਸ਼ਬਦਾਂ ਦੀ

ਵਰਤੋਂ ਉਸ ਰੂਹਾਨੀ ਖੇਤਰ ਦੀ ਹਕੀਕਤ ਵੱਲ ਸੰਕੇਤ ਹੀ ਹੈ। ਇਸ ਰਾਜ ਬਾਰੇ ਪੌਲੁਸ ਨੇ ਲਿਖਿਆ ਹੈ, ''ਅਸੀਂ ਦਿਸਣ ਵਾਲੀਆਂ ਵਸਤਾਂ ਨੂੰ ਤਾਂ ਨਹੀਂ ਸਗੋਂ ਅਣਡਿੱਠ ਵਸਤਾਂ ਵੱਲ ਧਿਆਨ ਕਰਦੇ ਹਾਂ ਕਿਉਂ ਜੋ ਦਿਸਣ ਵਾਲੀਆਂ ਵਸਤਾਂ ਅਨਿੱਤ ਹਨ ਪਰ ਅਣਡਿੱਠ ਵਸਤਾਂ ਨਿੱਤ ਹਨ'' (2 ਕੁਰਿੰਥੀਆਂ 4:18)। ਭਾਵੇਂ ਪ੍ਰਮੇਸ਼ਵਰ ਸਵਰਗ ਦਾ ਬਿਆਨ ਧਰਤੀ ਤੇ ਰਹਿਣ ਵਾਲੇ ਲੋਕਾਂ ਦੇ ਸ਼ਬਦਾਂ ਵਿਚ ਕਰਦਾ ਤਾਂ ਵੀ ਇਸ ਨੂੰ ਸੰਸਾਰਿਕ ਨਹੀਂ ਸਮਝਿਆ ਜਾਣਾ ਚਾਹੀਦਾ।

ਧਰਤੀ ਦੀ ਮੁਰੰਮਤ ਨਹੀਂ ਹੋਵੇਗੀ ਜਾਂ ਇਸ ਨੂੰ ਰੂਹਾਨੀ ਨਿਵਾਸ ਵਿਚ ਨਹੀਂ ਬਦਲਿਆ ਜਾਵੇਗਾ। ਜੇ ਅਜਿਹਾ ਹੁੰਦਾ ਤਾਂ ਅਸੀਂ ਉਸ ਨੂੰ ਗੰਭੀਰਤਾ ਨਾਲ ਨਾ ਲੈਂਦੇ ਜੋ ਸਿੰਘਾਸਣ ਤੇ ਬੈਠਾ ਹੈ, ਜਿਸ ਨੇ ਕਿਹਾ, ''ਵੇਖ, ਮੈਂ ਸੱਭੋ ਕੁਝ ਨਵਾਂ ਬਣਾਉਂਦਾ ਹਾਂ'' (ਪ੍ਰਕਾਸ਼ ਦੀ ਪੋਥੀ 21:5)। ਨਾ ਹੀ ਅਸੀਂ ''ਤਾਂ ਮੈਂ ਨਵਾਂ ਅਕਾਸ਼ ਅਤੇ ਨਵੀਂ ਧਰਤੀ ਵੇਖੀ ਕਿਉਂ ਜੋ ਪਹਿਲਾ ਅਕਾਸ਼ ਅਤੇ ਪਹਿਲੀ ਧਰਤੀ ਜਾਂਦੀ ਰਹੀ ਹੈ ...'' (ਪ੍ਰਕਾਸ਼ ਦੀ ਪੋਥੀ 21:1) ਵਾਕ ਦਾ ਸ਼ਬਦੀ ਅਰਥ ਲੈ ਸਕਦੇ ਸੀ।

ਨਵਾਂ ਯਰੂਸ਼ਲਮ, ਬਚਾਏ ਹੋਏ ਲੋਕਾਂ ਦਾ ਸ਼ਹਿਰ, ਧਰਤੀ ਤੇ ਮਿਲਣ ਵਾਲੀ ਸਭ ਤੋਂ ਕੀਮਤੀ ਸਮੱਗਰੀ ਨਾਲ ਬਣਿਆ ਦੱਸਿਆ ਗਿਆ ਹੈ (ਪ੍ਰਕਾਸ਼ ਦੀ ਪੋਥੀ 21:11-21)। ਅਜਿਹੀ ਵਿਆਖਿਆ ਭੈਭੀਤ ਕਰਨ ਵਾਲੀ ਅਤੇ ਮਨੁੱਖੀ ਕਲਪਨਾ ਤੋਂ ਬਹੁਤ ਦੂਰ ਹੈ। ਇਹ ਉਹ ਤਸਵੀਰ ਹੈ ਜੋ ਪ੍ਰਮੇਸ਼ਵਰ ਨੇ ਸਾਨੂੰ ਨਾਸ਼ਵਾਨਾਂ ਨੂੰ ਦੇਣੀ ਚਾਹੀ। ਅਸੀਂ ਉਹਦੇ ਰਾਜ ਵਿਚ ਵਡਿਆਈ ਪਾਵਾਂਗੇ (1 ਥੱਸਲੁਨੀਕੀਆਂ 2:12; ਇਬਰਾਨੀਆਂ 2:10), ਇਹਦੀ ਚਮਕ ਅਤੇ ਮਹਿਮਾ ਵੇਖਾਂਗੇ (ਰੋਮੀਆਂ 8:18), ਅਤੇ ਉਸ ਮਹਿਮਾ ਵਿਚ ਭਾਈਵਾਲ ਹੋਵਾਂਗੇ (1 ਪਤਰਸ 5:1)। ''ਉਹ ... ਆਪਣਿਆਂ ਸੰਤਾਂ ਵਿਚ ਵਡਿਆਇਆ'' ਜਾਵੇਗਾ (2 ਥੱਸਲੁਨੀਕੀਆਂ 1:10) । ਅਸੀਂ ਵੀ ਪ੍ਰਭਾਵਿਤ ਹੋਵਾਂਗੇ ਕਿ ਇਹ ਨਾਸ ਹੋਣ ਵਾਲਾ ਰਾਜ ਨਹੀਂ ਸਗੋਂ ਇਸ ਵਿਚ ਸਾਨੂੰ ਸਵਰਗ ਦੇ ਲੋਕਾਂ ਦੇ ਰੂਪ ਵਿਚ ''ਭਾਰੀ ਅਤੇ ਸਦੀਪਕ ਵਡਿਆਈ'' ਮਿਲੇਗੀ (2 ਕੁਰਿੰਥੀਆਂ 4:17)। ਧਰਤੀ ਦੇ ਮੁਕਾਬਲੇ, ਇਹ ''ਉੱਤਮ ਅਤੇ ਅਟੱਲ'' (ਇਬਰਾਨੀਆਂ 10:34), ''ਉੱਤਮ ਅਰਥਾਤ ਸਵਰਗੀ ਦੇਸ਼'' ਹੈ (ਇਬਰਾਨੀਆਂ 11:16)।

ਸਵਰਗ ਦਾ ਸਭ ਤੋਂ ਅਚਰਜ ਪਹਿਲੂ ਹਮੇਸ਼ਾ ਲਈ ਸਾਡਾ ਪ੍ਰਮੇਸ਼ਵਰ, ਯਿਸੂ, ਪਵਿੱਤਰ ਆਤਮਾ ਅਤੇ ਉਸ ਵਿਚ ਸਾਰੇ ਬਚਾਏ ਹੋਏ ਲੋਕਾਂ ਦੀ ਸੰਗਤੀ ਵਿਚ ਰਹਿਣਾ ਹੋਵੇਗਾ ਜਿਹੜੇ ਪਹਿਲਾਂ ਹੋਏ ਹਨ (ਪ੍ਰਕਾਸ਼ ਦੀ ਪੋਥੀ 21:3)। ਧਰਤੀ ਤੇ ਕਿਸੇ ਵੀ ਸੰਗਤੀ ਦਾ ਮੁਕਾਬਲਾ ਉਸ ਅਨੰਤ ਸੰਗਤੀ ਨਾਲ ਨਹੀਂ ਕੀਤਾ ਜਾ ਸਕਦਾ ਜਿਹੜੀ ਸਵਰਗ ਵਿਚ ਸਾਨੂੰ ਮਿਲੇਗੀ।

ਜੇ ਸਵਰਗ ਦੀ ਮਹਿਮਾ ਵੱਲ ਇਕ ਪਲ ਲਈ ਅਸੀਂ ਟੇਕ ਲਾ ਸਕੀਏ ਅਤੇ ਉਸ ਸੰਗਤੀ ਨੂੰ ਵੇਖੀਏ ਜੋ ਅਸੀਂ ਉੱਥੇ ਪਾਵਾਂਗੇ ਅਤੇ ਭੋਗਾਂਗੇ ਤਾਂ ਅਸੀਂ ਉੱਥੇ ਜਾਣ ਲਈ ਬਹੁਤ ਕਾਹਲੇ ਹੋਵਾਂਗੇ ਅਤੇ ਜਾਗਦੇ ਹੋਏ ਹਰ ਪਲ ਓਸੇ ਦੇ ਖ਼ਾਬਾਂ ਵਿਚ ਬਿਤਾਵਾਂਗੇ, ਉਹਦੇ ਲਈ ਕੰਮ ਕਰਾਂਗੇ ਅਤੇ ਤਿਆਰੀ ਕਰਾਂਗੇ। ਪੌਲੁਸ ਨੇ ਲਿਖਿਆ ਹੈ, ''ਮੇਰੀ ਸਮਝ ਵਿਚ ਇਸ ਵਰਤਮਾਨ ਸਮੇਂ ਦੇ ਦੁੱਖ ਉਸ ਪਰਤਾਪ ਨਾਲ ਜੋ ਸਾਡੀ ਵੱਲ ਪ੍ਰਕਾਸ਼ ਹੋਣ ਵਾਲਾ ਹੈ ਮਿਚਾਉਣ ਦੇ ਯੋਗ ਨਹੀਂ'' (ਰੋਮੀਆਂ 8:18)।

**ਸਵਰਗ ਵਿਚ ਕੀ ਹੋਵੇਗਾ?**

ਸਵਰਗ ਨੂੰ ਸਮਝਣ ਵਿਚ ਮਦਦ ਲਈ ਸਾਨੂੰ ਪ੍ਰਤੀਕਾਂ ਦੀ ਵਰਤੋਂ ਕਰਨੀ ਪੈਂਦੀ ਹੈ। ਸਵਰਗ ਵਿਚ ਉਹ ਚੀਜ਼ਾਂ ਨਹੀਂ ਹੋਣਗੀਆਂ ਜਿਨ੍ਹਾਂ ਦੀ ਧਰਤੀ ਉੱਤੇ ਲੋੜ ਹੈ, ਜਿਵੇਂ ਸੂਰਜ,

ਚੰਨ, ਰੌਸ਼ਨੀ; ਨਾ ਹੀ ਉੱਥੇ ਕੋਈ ਰਾਤ ਹੋਵੇਗੀ, ਕਿਉਂਕਿ ਲੇਲਾ (ਯਿਸੂ ਮਸੀਹ) ਉੱਥੇ ਖ਼ੁਦ ਰੌਸ਼ਨੀ ਹੋਵੇਗਾ (ਪ੍ਰਕਾਸ਼ ਦੀ ਪੋਥੀ 21:23, 25; 22:5)। ਪ੍ਰਮੇਸ਼ਵਰ ਦੇ ਕੋਲ ਪਹੁੰਚਣ ਦੀ ਸਾਡੀ ਤਿਆਰੀ ਦਾ ਮਤਲਬ ਹੋਵੇਗਾ ਕਿ ਉੱਥੇ ਕਿਸੇ ਮੰਦਰ (ਹੈਕਲ) ਦੀ ਲੋੜ ਨਹੀਂ ਹੋਵੇਗੀ, ਕਿਉਂਕਿ ਉੱਥੇ ਤਾਂ ਪ੍ਰਮੇਸ਼ਵਰ ਅਤੇ ਲੇਲਾ ਹੀ ਹੈਕਲ ਹੋਣਗੇ (ਪ੍ਰਕਾਸ਼ ਦੀ ਪੋਥੀ 21:22)।

ਸਾਨੂੰ ਸੰਸਾਰਕ ਭੋਜਨ ਦੀ ਵੀ ਲੋੜ ਨਹੀਂ ਹੋਵੇਗੀ ਕਿਉਂਕਿ ਜ਼ਿੰਦਗੀ ਤਾਂ ਉੱਥੇ ਜ਼ਿੰਦਗੀ ਦੇ ਪਾਣੀ ਦੀ ਨਦੀ ਅਤੇ ਜ਼ਿੰਦਗੀ ਦੇ ਰੁੱਖ ਦੇ ਫ਼ਲ ਤੋਂ ਹੀ ਕਾਇਮ ਰਹੇਗੀ (ਪ੍ਰਕਾਸ਼ ਦੀ ਪੋਥੀ 22:1, 2) ਅਸੀਂ ਪ੍ਰਮੇਸ਼ਵਰ ਤੋਂ ਦੂਰ ਨਹੀਂ ਰਹਾਂਗੇ, ਕਿਉਂਕਿ ''ਅਤੇ ਮੈਂ ਸਿੰਘਾਸਣ ਤੋਂ ਇਕ ਵੱਡੀ ਅਵਾਜ਼ ਇਹ ਆਖਦੇ ਸੁਣੀ ਭਈ ਵੇਖ, ਪ੍ਰੇਮਸ਼ਵਰ ਦਾ ਡੇਰਾ ਮਨੁੱਖਾਂ ਦੇ ਨਾਲ ਹੈ'' (ਪ੍ਰਕਾਸ਼ ਦੀ ਪੋਥੀ 21:3)। ਪ੍ਰਮੇਸ਼ਵਰ ਦਾ ਸਿੰਘਾਸਣ ਅਤੇ ਲੇਲਾ ਉੱਥੇ ਹੋਵੇਗਾ, ਇਸ ਕਰਕੇ ਕਰਕੇ ਉੱਥੇ ਕੋਈ ਸਰਾਪ ਨਹੀਂ ਹੋਵੇਗਾ (ਪ੍ਰਕਾਸ਼ ਦੀ ਪੋਥੀ 22:3)। ਸਾਡੀ ਨਵੀਂ ਰਿਹਾਇਸ਼ ਵਿਚ ਸਿਰਫ਼ ਧਾਰਮਿਕਤਾ ਹੀ ਹੋਵੇਗੀ (2 ਪਤਰਸ 3:13)।

**ਅਸੀਂ ਕਿਹੋ ਜਿਹੇ ਹੋਵਾਂਗੇ?**

ਸਾਡੀਆਂ ਜਿਸਮਾਨੀ ਦੇਹਾਂ ਰੂਹਾਨੀ ਦੇਹਾਂ ਵਿਚ ਬਦਲ ਜਾਣਗੀਆਂ (1 ਕੁਰਿੰਥੀਆਂ 15:44, 51-54)। ਜਿਸ ਰੂਹਾਨੀ ਅਕਾਰ ਵਿਚ ਅਸੀਂ ਬਣਾਂਗੇ ਸਰੀਰਕ ਦੇਹਾਂ ਉਹਦੇ ਯੋਗ ਨਹੀਂ ਹੋਣਗੀਆਂ, ਕਿਉਂਕਿ ''ਮਾਸ ਅਤੇ ਲਹੂ ਪ੍ਰਮੇਸ਼ਵਰ ਦੇ ਰਾਜ ਦੇ ਅਧਿਕਾਰੀ ਨਹੀਂ ਹੋ ਸਕਦੇ'' (1 ਕੁਰਿੰਥੀਆਂ 15:50)। ਪ੍ਰਮੇਸ਼ਵਰ ਦਾ ਆਤਮਿਕ ਰਾਜ ਪ੍ਰਮੇਸ਼ਵਰ ਲਈ ਸੁਭਾਵਕ ਹੈ ਕਿਉਂਕਿ ਉਹ ਆਤਮਾ ਹੈ (ਯੂਹੰਨਾ 4:24) ਅਤੇ ਫ਼ਰਿਸ਼ਤਿਆਂ ਲਈ ਸੁਭਾਵਕ ਖੇਤਰ ਹੈ ਕਿਉਂਕਿ ਉਹ ਵੀ ਆਤਮਾਵਾਂ ਹਨ (ਇਬਰਾਨੀਆਂ 1:14)। ਅਸੀਂ ਇਹ ਨਹੀਂ ਸਮਝ ਸਕਦੇ ਕਿ ਉਸ ਅਕਾਰ ਵਿਚ ਦੇਹ ਕਿਹੋ ਜਿਹੀ ਹੋਵੇਗੀ, ਪਰ ਸਾਨੂੰ ਐਨਾ ਯਕੀਨ ਹੈ ਕਿ ''ਜਦ ਉਹ ਪਰਗਟ ਹੋਵੇਗਾ ਤਾਂ ਅਸੀਂ ਉਹ ਦੇ ਵਰਗੇ ਹੋਵਾਂਗੇ ਕਿਉਂ ਜੋ ਉਹ ਜਿਹਾ ਹੈ ਤਿਹਾ ਹੀ ਉਹ ਨੂੰ ਵੇਖਾਂਗੇ'' (1 ਯੂਹੰਨਾ 3:2)। ਪ੍ਰਮੇਸ਼ਵਰ ਨੂੰ ਵੇਖਣ ਲਈ, ਸਾਡੇ ਵਾਸਤੇ ਜ਼ਰੂਰੀ ਹੈ ਕਿ ਅਸੀਂ ਉਹਦੇ ਪਸਾਰ ਵਿਚ ਪ੍ਰਵੇਸ਼ ਕਰੀਏ, ਕਿਉਂਕਿ ਸਰੀਰਕ ਪ੍ਰਾਣੀ ਪ੍ਰਮੇਸ਼ਵਰ ਨੂੰ ਨਹੀਂ ਵੇਖ ਸਕਦੇ (1 ਤਿਮੋਥਿਉਸ 6:16)। ਯਿਸੂ ''ਸਾਡੀ ਦੀਨਤਾ ਦੇ ਸਰੀਰ ਨੂੰ ਵਟਾ ਕੇ ਆਪਣੇ ਤੇਜ ਦੇ ਸਰੀਰ ਦੀ ਨਿਆਈਂ ਬਣਾਵੇਗਾ'' (ਫ਼ਿਲਿੱਪੀਆਂ 3:20, 21)। ਤਾਂ ਹੀ ਅਸੀਂ ''ਉਹਦਾ ਦਰਸ਼ਣ'' ਪਾਵਾਂਗੇ (ਪ੍ਰਕਾਸ਼ ਦੀ ਪੋਥੀ 22:4), ਅਰਥਾਤ ਉਹਦਾ ਮੁਖੜਾ ਵੇਖਾਂਗੇ ਜਿਸ ਨੂੰ ਸਰੀਰਕ ਅੱਖਾਂ ਨਾਲ ਵੇਖ ਕੇ ਸਾਡੇ ਵਿਚੋਂ ਕੋਈ ਵੀ ਜੀਉਂਦਾ ਨਹੀਂ ਰਹਿ ਸਕਦਾ (ਕੂਚ 33:20)।

ਬਦਲ ਜਾਣ ਦੇ ਬਾਅਦ ਸਾਨੂੰ ਸਵਰਗੀ ਜੀਵਾਂ ਵਾਲੀ ਵਡਿਆਈ ਮਿਲੇਗੀ। ਅਸੀਂ ਵਡਿਆਈ, ਇੱਜ਼ਤ ਅਤੇ ਭਲਿਆਈ ਵਿਚ ਪ੍ਰਵੇਸ਼ ਕਰਕੇ (ਰੋਮੀਆਂ 2:7, 10) ਮਸੀਹ ਦੇ ਨਾਲ ''ਵਡਿਆਈ'' ਪਾਵਾਂਗੇ (ਰੋਮੀਆਂ 8:17)। ਆਪਣੀ ਨਵੀਂ ਸਥਿੱਤੀ ਵਿਚ ਅਸੀਂ ''ਆਪਣੇ ਪਿਤਾ ਦੇ ਰਾਜ ਵਿਚ ਸੂਰਜ ਵਾਂਗੂੰ'' ਚਮਕਾਂਗੇ (ਮੱਤੀ 13:43)। ''ਅਤੇ ਜਿਸ ਤਰ੍ਹਾਂ ਅਸਾਂ ਮਿੱਟੀ ਵਾਲੇ ਦਾ ਸਰੂਪ ਧਾਰਿਆ ਹੈ ਇਸੇ ਤਰਾਂ ਸੁਰਗ ਵਾਲੇ ਦਾ ਵੀ ਸਰੂਪ ਧਾਰਾਂਗੇ'' (1 ਕੁਰਿੰਥੀਆਂ 15:49)।

ਅਸੀਂ ''ਹਮੇਸ਼ਾ ਦੀ ਜ਼ਿੰਦਗੀ'' ਪਾ ਕੇ ਅਨੰਤ ਜੀਵ ਬਣ ਜਾਵਾਂਗੇ, ਜੋ ਕਦੇ ਮਰ ਨਹੀਂ ਸਕਣਗੇ (ਲੂਕਾ 20:36; ਪ੍ਰਕਾਸ਼ ਦੀ ਪੋਥੀ 21:4)। ''ਹਮੇਸ਼ਾ ਦੀ ਜ਼ਿੰਦਗੀ'' ਦਾ ਅਰਥ ਹੈ ਕਿ ਜ਼ਿੰਦਗੀ ਦੇ ਨਾਲ ਨਾਲ ਜੀਵਨ ਦੀ ਲੰਬਾਈ, ਜਿਹਦੀ ਤੁਲਨਾ ਵਰਤਮਾਨ ਜਾਇਦਾਦ[7] ਜਾਂ

ਯਿਸੂ ਤੇ ਵਿਸ਼ਵਾਸ ਕਰਨ ਜਾਂ ਉਸ ਦੀ ਸੇਵਾ ਕਰਨ[8] ਨਾਲ ਮਿਲਣ ਵਾਲੇ ਇਨਾਮ ਨਾਲ ਕੀਤੀ ਜਾ ਸਕਦੀ ਹੈ।

**ਅਸੀਂ ਕੀ ਕਰ ਰਹੇ ਹੋਵਾਂਗੇ?**

ਪ੍ਰਮੇਸ਼ਵਰ ਨੇ ਪੂਰੀ ਤਰ੍ਹਾਂ ਨਾਲ ਅਤੇ ਚੰਗੇ ਕਾਰਣ ਨਾਲ ਵਰਣਨ ਕਰ ਦਿੱਤਾ ਹੈ ਕਿ ਅਸੀਂ ਕੀ ਕਰ ਰਹੇ ਹੋਵਾਂਗੇ। ਅਸੀਂ ਸਰੀਰਕ ਹਾਂ, ਇਸ ਲਈ ਅਸੀਂ ਇਹ ਜਾਣਨ ਲਈ ਕਾਹਲੇ ਨਾ ਹੋਈਏ ਕਿ ਆਤਮਿਕ ਜੀਵ ਕੀ ਕਰਦੇ ਹਨ। ਕਿਉਂਕਿ ਸਾਡੀ ਖੁਸ਼ੀ ਆਮ ਤੌਰ ਤੇ ਸਰੀਰਕ ਗੱਲਾਂ ਤੇ ਅਧਾਰਤ ਹੁੰਦੀ ਹੈ, ਇਸ ਲਈ ਹੋ ਸਕਦਾ ਹੈ ਕਿ ਸਵਰਗ ਦੀਆਂ ਆਤਮਿਕ ਕ੍ਰਿਆਵਾਂ ਨਾਲ ਉਤੇਜਿਤ ਹੋਣ ਵਿਚ ਸਾਨੂੰ ਮੁਸ਼ਕਲ ਹੋਵੇ।

ਸਵਰਗ ਵਿਚ ਸਾਨੂੰ ਸਿਰਫ਼ ਅਨੰਦ ਹੀ ਮਿਲੇਗਾ ਕਿਉਂਕਿ ਪ੍ਰਮੇਸ਼ਵਰ ''ਉਨ੍ਹਾਂ ਦੀਆਂ ਅੱਖੀਆਂ ਤੋਂ ਹਰੇਕ ਹੰਝੂ ਪੂੰਝੇਗਾ ਅਤੇ ਹੁਣ ਅਗਾਹਾਂ ਨੂੰ ਮੌਤ ਨਾ ਹੋਵੇਗੀ, ਨਾ ਅਗਾਹਾਂ ਨੂੰ ਸੋਗ ਨਾ ਰੋਣਾ ਨਾ ਦੁੱਖ ਹੋਵੇਗਾ। ਪਹਿਲੀਆਂ ਗੱਲਾਂ ਜਾਂਦੀਆਂ ਰਹੀਆਂ'' (ਪ੍ਰਕਾਸ਼ ਦੀ ਪੋਥੀ 21:4)। ਜ਼ਿੰਦਗੀ ਦੇ ਇਹ ਸਰੀਰਕ ਪਹਿਲੂ ਜਿਨ੍ਹਾਂ ਕਾਰਣ ਸਾਨੂੰ ਕਸ਼ਟ ਹੋਇਆ ਜਾਂ ਜੋ ਸਾਡੇ ਲਈ ਸਰਾਪ ਦਾ ਕਾਰਣ ਬਣੇ, ਉਹ ਬਿਲਕੁਲ ਨਹੀਂ ਹੋਣਗੇ (ਪ੍ਰਕਾਸ਼ ਦੀ ਪੋਥੀ 22:3)। ਬਚਾਏ ਹੋਏ ਲੋਕ ਆਪਣੇ ਪ੍ਰਭੂ ਦੇ ''ਅਨੰਦ'' ਵਿਚ ਵੜਨਗੇ (ਮੱਤੀ 25:21, 23)। ਅਸੀਂ ਇਸ ਜੀਵਨ ਦੀਆਂ ਮਿਹਨਤਾਂ ਤੋਂ ਅਰਾਮ ਪਾਵਾਂਗੇ (ਪ੍ਰਕਾਸ਼ ਦੀ ਪੋਥੀ 14:13; ਇਬਰਾਨੀਆਂ 4:8-11)।

ਹਮੇਸ਼ਾ-ਹਮੇਸ਼ਾ ਤਕ ਅਸੀਂ ਅਨੰਦ ਕਰਾਂਗੇ ਕਿਉਂਕਿ ਅਸੀਂ ਪਿਤਾ ਦੇ ਨਾਲ (ਪ੍ਰਕਾਸ਼ ਦੀ ਪੋਥੀ 21:3), ਯਿਸੂ ਦੇ ਨਾਲ (ਯੂਹੰਨਾ 12:26[9]), ਫ਼ਰਿਸ਼ਤਿਆਂ ਦੇ ਨਾਲ (ਲੂਕਾ 9:26) ਅਤੇ ਬਚਾਏ ਹੋਇਆ ਦੇ ਨਾਲ ਹੋਵਾਂਗੇ (ਮੱਤੀ 13:43)। ਅਸੀਂ ਅਨੰਦ ਨਾਲ ਯਿਸੂ ਦੀ ਸੇਵਾ ਕਰਾਂਗੇ (ਪ੍ਰਕਾਸ਼ ਦੀ ਪੋਥੀ 22:3) ਅਤੇ ਉਹਦੇ ਨਾਲ ਹਮੇਸ਼ਾ ਲਈ ਰਾਜ ਕਰਾਂਗੇ(2 ਤਿਮੋਥਿਉਸ 2:12; ਪ੍ਰਕਾਸ਼ ਦੀ ਪੋਥੀ 22:5)। ਉਹ ਆਪਣੇ ਸੰਤਾਂ ਵਿਚ ਵਡਿਆਈ ਪਾਵੇਗਾ (2 ਥੱਸਲੁਨੀਕੀਆਂ 1:10) ਜਿਹਦਾ ਅਰਥ ਜ਼ਰੂਰ ਇਹੀ ਹੈ ਕਿ ਯਿਸੂ ਉਨ੍ਹਾਂ ਦੇ ਰਾਹੀਂ ਜਿਨ੍ਹਾਂ ਨੂੰ ਉਹਨੇ ਬਚਾਇਆ ਹੈ ਬਹੁਤ ਹੀ ਆਦਰ ਪਾਵੇਗਾ ਅਤੇ ਉਹਦੀ ਵਡਿਆਈ ਹੋਵੇਗੀ (ਫ਼ਿਲਿੱਪੀਆਂ 2:10, 11)। ਸਵਰਗ ਪ੍ਰੇਮ ਸੰਗਤੀ ਅਤੇ ਅਨੰਦ ਦਾ ਅਚਰਜ ਥਾਂ ਹੋਵੇਗਾ।

**ਸਵਰਗ ਵਿਚ ਕੌਣ ਜਾਵੇਗਾ?**

ਸਵਰਗ ਦੀ ਮਹਿਮਾ ਗੁਣਾਂ ਦੇ ਅਧਾਰ ਤੇ ਨਹੀਂ ਸਗੋਂ ਕਿਰਪਾ ਦੇ ਅਧਾਰ ਤੇ ਦਿੱਤੀ ਜਾਂਦੀ ਹੈ (2 ਥੱਸਲੁਨੀਕੀਆਂ 2:16)। ਅਸੀਂ ਇਹ ਸ਼ੇਖੀ ਮਾਰਨ ਦੇ ਯੋਗ ਨਹੀਂ ਹੋਵਾਂਗੇ ਕਿ ਅਸੀਂ ਚੰਗੇ ਕਰਮ ਕਰਕੇ ਸਵਰਗ ਨੂੰ ਕਮਾਇਆ ਹੈ (ਅਫ਼ਸੀਆਂ 2:8, 9; ਤੀਤੁਸ 3:5) ਅਸੀਂ ਸਿਰਫ਼ ਇਹ ਕਹਾਂਗੇ ਕਿ ''ਜੋ ਕੁਝ ਸਾਨੂੰ ਕਰਨਾ ਉਚਿਤ ਸੀ ਅਸਾਂ ਉਹੀ ਕੀਤਾ'' (ਲੂਕਾ 17:10)।

ਸਵਰਗ ਸਾਨੂੰ ਵਿਰਾਸਤ ਦੇ ਤੌਰ ਤੇ ਦਿੱਤਾ ਜਾਵੇਗਾ।[10] ਵਿਰਾਸਤ ਕਮਾਉਣ ਨਾਲ ਨਹੀਂ ਮਿਲਦੀ, ਇਹ ਇਕ ਤੋਹਫ਼ਾ ਹੈ। ਜੋ ਵਾਰਸ ਹਨ, ਉਹ ਪ੍ਰਮੇਸ਼ਵਰ ਦੀ ਸੰਤਾਨ ਹੈ (ਰੋਮੀਆਂ 8:16, 17; ਗਲਾਤੀਆਂ 3:6, 7, 29)। ਜਲ ਅਤੇ ਆਤਮਾ ਨਾਲ ਦੁਬਾਰਾ ਜਨਮ ਲੈ ਕੇ (ਯੂਹੰਨਾ 3:5) ਅਸੀਂ ਪ੍ਰਮੇਸ਼ਵਰ ਤੋਂ ਪੈਦਾ ਹੋਏ ਹਾਂ (ਯੂਹੰਨਾ 1:12, 13)। ਇਸ ਤਰ੍ਹਾਂ ਵਿਸ਼ਵਾਸ ਅਤੇ ਬਪਤਿਸਮੇ ਦੇ ਰਾਹੀਂ ਅਸੀਂ ਪ੍ਰਮੇਸ਼ਵਰ ਦੀ ਸੰਤਾਨ ਅਤੇ ਸਵਰਗ ਦੇ ਵਾਰਸ ਬਣਦੇ ਹਾਂ (ਗਲਾਤੀਆਂ 3:26, 27)।

ਸਵਰਗ ਵਿਚ ਨਾ ਜਾਣ ਵਾਲੇ ਲੋਕ ਉਹੀ ਹੋਣਗੇ ਜੋ ਪ੍ਰਮੇਸ਼ਵਰ ਦੇ ਖਿਲਾਫ਼ ਬਗਾਵਤ ਕਰਦੇ ਹਨ ਅਤੇ ਬਦਚਲਨੀ ਭਰਿਆ ਜੀਵਨ ਬਿਤਾਉਂਦੇ ਹਨ (1 ਕੁਰਿੰਥੀਆਂ 6:9, 10; ਗਲਾਤੀਆਂ 5:19-21)। ਕਿਉਂਕਿ ਉਹ ਯਿਸੂ ਦੇ ਲਹੂ ਰਾਹੀਂ ਧੋਤੇ ਨਹੀਂ ਗਏ ਹਨ ਇਸ ਲਈ ਦੂਸ਼ਤ ਹੀ ਰਹਿਣਗੇ ਅਤੇ ਇਸ ਕਾਰਣ ਸਵਰਗ ਵਿਚ ਨਹੀਂ ਵੜ ਸਕਦੇ (ਪ੍ਰਕਾਸ਼ ਦੀ ਪੋਥੀ 21:27; 2 ਪਤਰਸ 3:13)। ਜੋ ਸਵਰਗ ਵਿਚ ਵੜਨਗੇ ਇਹ ਉਹੀ ਲੋਕ ਹਨ ਜੋ ਯਿਸੂ ਦੇ ਲਹੂ ਰਾਹੀਂ ਸ਼ੁੱਧ ਹੋ ਚੁੱਕੇ ਹਨ (ਅਫ਼ਸੀਆਂ 5:25-27; ਕੁਲੁੱਸੀਆਂ 1:19-22)।

## ਸਾਰ

ਇਹ ਵਿਚਾਰ ਕਿੰਨਾ ਭਿਆਨਕ ਹੈ ਕਿ ਪ੍ਰਮੇਸ਼ਵਰ ਉਨ੍ਹਾਂ ਨੂੰ ਹਮੇਸ਼ਾ-ਹਮੇਸ਼ਾ ਦੀ ਸਜ਼ਾ ਦੇਵੇਗਾ ਜਿਨ੍ਹਾਂ ਨੇ ਉਹਦੀ ਦੀ ਗੱਲ ਨਹੀਂ ਮੰਨੀ, ਪਰ ਇਹ ਸਿੱਖਿਆ ਤਾਂ ਉਹਦੇ ਵਚਨ ਵਿਚ ਹੈ। ਕੁਧਰਮੀਆਂ ਲਈ ਸਜ਼ਾ ਵੀ ਓਨੀ ਹੀ ਹਮੇਸ਼ਾ ਲਈ ਹੋਵੇਗੀ ਜਿੰਨੀਆਂ ਧਰਮੀਆਂ ਲਈ ਬਰਕਤਾਂ। ਇਸ ਨਾਲ ਯਕੀਨਨ ਹਰ ਕੰਮ ਵਿਚ ਪ੍ਰਮੇਸ਼ਵਰ ਨੂੰ ਭਾਉਣ ਦੀ ਪ੍ਰੇਰਣਾ ਮਿਲਣੀ ਚਾਹੀਦੀ ਹੈ। ਸਵਰਗ ਵਿਚ ਉਹਦੇ ਨਾਲ ਅਨੰਤਕਾਲ ਨੂੰ ਪਾ ਲੈਣ ਤੇ ਸ਼ੈਤਾਨ ਅਤੇ ਉਹਦੇ ਦੂਤਾਂ ਨੂੰ ਮਿਲਣ ਵਾਲੀ ਹਮੇਸ਼ਾ ਦੀ ਅੱਗ ਤੋਂ ਬਚ ਜਾਣ ਦੀ ਹਰ ਕੋਸ਼ਿਸ਼, ਹਰ ਰੁਕਾਵਟ, ਸੇਵਾ ਦਾ ਹਰ ਪਲ ਲਾਹੇਵੰਦ ਹੋ ਜਾਵੇਗਾ।

## ਅਧਿਐਨ ਲਈ ਪ੍ਰਸ਼ਨ

*(ਇਸ ਦੇ ਉੱਤਰ ਅੰਤਿਕਾ 1 ਵਿਚ ਦਿੱਤੇ ਗਏ ਹਨ)*

1. ਕੋਈ ਇਹ ਨਿਚੋੜ ਕੱਢਦਾ ਹੈ ਕਿ ਹਮੇਸ਼ਾ ਦੀ ਸਜ਼ਾ ਪ੍ਰਮੇਸ਼ਵਰ ਦੇ ਪ੍ਰੇਮ, ਦਇਆ ਅਤੇ ਪ੍ਰੇਮ ਨਾਲ ਮੇਲ ਨਹੀਂ ਖਾਂਦੀ। ਇਹ ਨਿਚੋੜ ਗ਼ਲਤ ਕਿਉਂ ਹੈ?
2. ਹੁਕਮ ਨਾ ਮੰਨਣ ਵਾਲਿਆਂ ਦਾ ਵਜੂਦ ਖ਼ਤਮ ਹੋ ਜਾਣ ਦੀ ਸਿੱਖਿਆ ਗ਼ਲਤ ਕਿਉਂ ਹੈ?
3. ਨਰਕ ਵਿਚ ਕਿਹੋ ਜਿਹੀ ਸਜ਼ਾ ਦੀ ਉਮੀਦ ਕੀਤੀ ਜਾ ਸਕਦੀ ਹੈ?
4. ਪੌਲੁਸ ਉਨ੍ਹਾਂ ਦਾ ਵਰਣਨ ਕਿਵੇਂ ਕਰਦਾ ਹੈ ਜਿਨ੍ਹਾਂ ਨੂੰ ਸਜ਼ਾ ਮਿਲੇਗੀ?
5. ਸਾਡਾ ਸਭ ਤੋਂ ਵੱਡਾ ਮਕਸਦ ਕੀ ਹੋਣਾ ਚਾਹੀਦਾ ਹੈ?
6. ਮਸੀਹੀ ਦੀ ਸਵਰਗ ਦੀ ਆਸ ਮੂਸਾ ਦੀ ਸ਼ਰ੍ਹਾ ਅਧੀਨ ਦਿੱਤੇ ਵਾਅਦਿਆਂ ਨਾਲੋਂ ਉੱਤਮ ਕਿਵੇਂ ਹੈ?
7. ''ਸਵਰਗ'' ਦੀ ਕਿਨ੍ਹਾਂ ਤਿੰਨ ਅਰਥਾਂ ਵਿਚ ਵਰਤੋਂ ਕੀਤੀ ਗਈ ਹੈ?
8. ਸਵਰਗ ਵਿਚ ਉਹ ਚੀਜ਼ਾਂ ਕਿਉਂ ਨਹੀਂ ਹੋਣਗੀਆਂ ਜਿਨ੍ਹਾਂ ਦੀ ਸਾਨੂੰ ਇਸ ਧਰਤੀ ਤੇ ਲੋੜ ਹੁੰਦੀ ਹੈ?
9. ਸਵਰਗ ਵਿਚ ਕੌਣ ਜਾਵੇਗਾ?

---

ਟਿੱਪਣੀਆਂ

[1]ਪੜ੍ਹੋ ਰੋਮੀਆਂ 1:18; 2:8; 3:5; 12:19; ਅਫ਼ਸੀਆਂ 5:6; ਕੁਲੁੱਸੀਆਂ 3:6; 2 ਥੱਸਲੁਨੀਕੀਆਂ 1:8.

[2] *ਗੇਹੰਨਾ* ਇਬਰਾਨੀ ਸ਼ਬਦ ਦਾ ਯੂਨਾਨੀ ਰੂਪ ਹੈ ਜੋ *ਗੇ* ਜਿਸ ਦਾ ਅਰਥ ''ਘਾਟੀ'' ਅਤੇ *ਹਿੰਨੋਂਨ* ਜਿਸ ਦਾ ਅਰਥ ਘਾਟੀ ਦਾ ਮਾਲਕ ਹੈ, ਦੋ ਇਬਰਾਨੀ ਸ਼ਬਦਾਂ ਦਾ ਮੇਲ ਹੈ। [3]ਵੇਖੋ ਮੱਤੀ 5:22, 29, 30 ;10:28; 18:9; 23:15, 33; ਮਰਕੁਸ 9:43, 45, 47, ਲੂਕਾ 12:5; ਯਾਕੂਬ 3:6. [4]ਵੇਖੋ ਰਾਜਿਆਂ 23:10; ਵੇਖੋ 2 ਇਤਿਹਾਸ 28:3; 33:6; ਯਿਰਮਿਯਾਹ 7:31, 32; 19:6. [5]ਵੇਖੋ ਮਰਕੁਸ 9:43; ਲੂਕਾ 3:17. [6]ਅੰਗ੍ਰੇਜ਼ੀ ਵਿਚ ਇੱਥੇ ''ਸਿੱਧ'' ਪ੍ਰੇਮ ਹੈ, ਜੋ ''ਪਰਿਪੱਕ'' ਅਰਥ ਵਾਲੇ ਯੂਨਾਨੀ ਸ਼ਬਦ *ਤੇਲਿਓਸ* ਦਾ ਅਨੁਵਾਦ ਹੈ. [7]ਵੇਖੋ ਯੂਹੰਨਾ 3:36; 5:24; 6:47; 54; 1 ਯੂਹੰਨਾ 5:11, 13. [8]ਮੱਤੀ 19:29; ਮਰਕੁਸ 10:30; ਲੂਕਾ 18:30; ਯੂਹੰਨਾ 10:28; ਰੋਮੀਆਂ 2:7; 6:22; 1 ਤਿਮੋਥਿਉਸ 6:12. [9]ਵੇਖੋ ਯੂਹੰਨਾ 14:3; 17:24; 2 ਕੁਰਿੰਥੀਆਂ 5:6-8; ਫ਼ਿਲਿੱਪੀਆਂ 1:23; ਕੁਲੁੱਸੀਆਂ 3:4; 1 ਥੱਸਲੁਨੀਕੀਆਂ 4:17. [10]ਵੇਖੋ ਰਸੂਲਾਂ ਦੇ ਕੰਮ 20:32; ਵੇਖੋ 26:18; ਅਫ਼ਸੀਆਂ 1:11, 14, 18; 5:5; ਕੁਲੁੱਸੀਆਂ 1:12; 3:24; ਇਬਰਾਨੀਆਂ 9:15; 1 ਪਤਰਸ 1:4.